



ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAA1353 | Ludhiana, Monday 22 December, 2025 | website: www.cee7news.com

## ਪੰਜਾਬ ਸਰਕਾਰ ਨੇ ਸਿਹਤ ਵਿਭਾਗ ਨੂੰ ਮਜ਼ਬੂਤ ਕਰਨ ਲਈ ਵੱਡਾ ਫੈਸਲਾ ਲਿਆ ਹੈ

### ਨੈਸ਼ਨਲ ਹੈਲਥ ਮਿਸ਼ਨ (ਐਨਐਚਐਮ) ਅਧੀਨ 1,568 ਖਾਲੀ ਅਸਾਮੀਆਂ ਨੂੰ ਭਰਨ ਦੀ ਮਨਜ਼ੂਰੀ

ਚੰਡੀਗੜ੍ਹ 21 ਦਸਬਰ 2025 | ਰਵਨੀਤ ਲਾਂਬਾ




ਪੰਜਾਬ ਸਰਕਾਰ ਨੇ ਸਿਹਤ ਵਿਭਾਗ ਨੂੰ ਮਜ਼ਬੂਤ ਕਰਨ ਲਈ ਵੱਡਾ ਫੈਸਲਾ ਲਿਆ ਹੈ। ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਐਲਾਨ ਕੀਤਾ ਕਿ ਨੈਸ਼ਨਲ ਹੈਲਥ ਮਿਸ਼ਨ (ਐਨਐਚਐਮ) ਅਧੀਨ 1,568 ਖਾਲੀ ਅਸਾਮੀਆਂ ਨੂੰ ਭਰਨ ਦੀ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ ਵਿੱਚ ਆਕਸੀਲੀਅਰੀ ਨਰਸ ਮਿਡਵਾਈਫ (ਏਐਨਐਮ) ਅਤੇ ਸਟਾਫ ਨਰਸ ਦੀਆਂ ਪੋਸਟਾਂ ਸ਼ਾਮਲ ਹਨ। ਇਹ ਫੈਸਲਾ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਸਤਾਵ 'ਤੇ ਵਿੱਤ ਵਿਭਾਗ ਨੇ ਦਿੱਤਾ ਹੈ।ਵੇਰਵੇ ਅਨੁਸਾਰ, ਏਐਨਐਮ ਦੀਆਂ ਕੁੱਲ 2,000 ਮਨਜ਼ੂਰ ਅਸਾਮੀਆਂ ਵਿੱਚੋਂ 729 ਖਾਲੀ ਸਨ, ਜਿਨ੍ਹਾਂ ਨੂੰ ਭਰਿਆ ਜਾਵੇਗਾ। ਇਸੇ ਤਰ੍ਹਾਂ ਸਟਾਫ ਨਰਸ ਦੀਆਂ 1,896 ਮਨਜ਼ੂਰ ਅਸਾਮੀਆਂ ਵਿੱਚੋਂ 839 ਖਾਲੀ ਪਈਆਂ ਸਨ। ਇਸ ਭਰਤੀ ਨਾਲ ਪੰਜਾਬ ਦੀ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਮਰੀਜ਼ਾਂ ਨੂੰ ਬਿਹਤਰ ਸਹੂਲਤਾਂ ਮਿਲਣਗੀਆਂ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਸਿਹਤ ਅਤੇ ਸਿੱਖਿਆ ਨੂੰ ਪਹਿਲ ਦੇ ਰਹੀ ਹੈ। ਸਟਾਫ ਦੀ ਘਾਟ ਕਾਰਨ ਸਿਹਤ ਸੇਵਾਵਾਂ ਵਿੱਚ ਕੋਈ ਰੁਕਾਵਟ ਨਾ ਆਵੇ, ਇਸ ਲਈ ਇਹ ਕੰਟਰੈਕਟ ਅਧਾਰਿਤ ਅਸਾਮੀਆਂ ਨੂੰ ਭਰਨਾ ਜ਼ਰੂਰੀ ਸੀ। ਇਸ ਭਰਤੀ ਨਾਲ ਸੂਬੇ ਦੇ ਲੋਕਾਂ ਨੂੰ ਵਧੀਆ ਅਤੇ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਮਿਲਣਗੀਆਂ। ਇਸ ਭਰਤੀ ਲਈ ਸਾਲਾਨਾ ਵਿੱਤੀ ਬੋਝ ਲਗਭਗ 48.88 ਕਰੋੜ ਰੁਪਏ ਹੋਵੇਗਾ। ਇਸ ਵਿੱਚ ਏਐਨਐਮ ਲਈ 18.98 ਕਰੋੜ ਅਤੇ ਸਟਾਫ ਨਰਸ ਲਈ 29.90 ਕਰੋੜ ਰੁਪਏ ਸ਼ਾਮਲ ਹਨ। ਮਹੀਨੇ ਦੀ ਤਨਖਾਹ ਏਐਨਐਮ ਲਈ 21,700 ਰੁਪਏ ਅਤੇ ਸਟਾਫ ਨਰਸ ਲਈ 29,700 ਰੁਪਏ ਨਿਰਧਾਰਿਤ ਕੀਤੀ ਗਈ ਹੈ। ਪਾਰਦਰਸ਼ਤਾ ਅਤੇ ਯੋਗਤਾ ਨੂੰ ਯਕੀਨੀ ਬਣਾਉਣ ਲਈ ਭਰਤੀ ਪ੍ਰਕਿਰਿਆ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼, ਫਰੀਦਕੋਟ ਵੱਲੋਂ ਲਿਖਤੀ ਪ੍ਰੀਖਿਆ ਰਾਹੀਂ ਕੀਤੀ ਜਾਵੇਗੀ। ਵਿੱਤ ਵਿਭਾਗ ਨੇ ਇਹ ਮਨਜ਼ੂਰੀ ਸ਼ਰਤੀ ਤੌਰ 'ਤੇ ਦਿੱਤੀ ਹੈ, ਜਿਸ ਵਿੱਚ ਸਿਹਤ ਵਿਭਾਗ ਨੂੰ ਪਰਸਨਲ ਵਿਭਾਗ ਤੋਂ ਲੋੜੀਂਦੀ ਮਨਜ਼ੂਰੀ ਲੈਣੀ ਪਵੇਗੀ।ਇਹ ਫੈਸਲਾ ਪੰਜਾਬ ਸਰਕਾਰ ਦੀ ਲੋਕ ਭਲਾਈ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸਿਹਤ ਵਿਭਾਗ ਵਿੱਚ ਨਵੀਆਂ ਨਿਯੁਕਤੀਆਂ ਨਾਲ ਹਸਪਤਾਲਾਂ ਅਤੇ ਹੈਲਥ ਸੈਂਟਰਾਂ ਵਿੱਚ ਕੰਮ ਵਧੇਰੇ ਸੁਚਾਰੂ ਢੰਗ ਨਾਲ ਚੱਲੇਗਾ। ਨੌਜਵਾਨ ਨਰਸਿੰਗ ਸਟਾਫ ਲਈ ਇਹ ਵੱਡੀ ਨੌਕਰੀ ਦਾ ਮੌਕਾ ਹੈ। ਸਰਕਾਰ ਦਾ ਇਹ ਕਦਮ ਸੂਬੇ ਦੀ ਸਿਹਤ ਸੇਵਾਵਾਂ ਨੂੰ ਨਵੀਂ ਉਚਾਈ 'ਤੇ ਲੈ ਜਾਵੇਗਾ ਅਤੇ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਏਗਾ।

## ਭਾਰਤੀ ਰੇਲਵੇ ਨੇ ਯਾਤਰੀਆਂ ਲਈ ਟਿਕਟਾਂ ਦੇ ਭਾੜੇ ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਹੈ

### ਲੰਬੀ ਦੂਰੀ ਦੀਆਂ ਰੇਲ ਯਾਤਰਾਵਾਂ ਨੂੰ ਪ੍ਰਭਾਵਿਤ ਕਰੇਗਾ,



ਭਾਰਤੀ ਰੇਲਵੇ ਨੇ ਯਾਤਰੀਆਂ ਲਈ ਟਿਕਟਾਂ ਦੇ ਭਾੜੇ ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਹੈ, ਜੋ ਕਿ 26 ਦਸੰਬਰ 2025 ਤੋਂ ਲਾਗੂ ਹੋ ਜਾਵੇਗਾ। ਇਹ ਵਾਧਾ ਲੰਬੀ ਦੂਰੀ ਦੀਆਂ ਰੇਲ ਯਾਤਰਾਵਾਂ ਨੂੰ ਪ੍ਰਭਾਵਿਤ ਕਰੇਗਾ, ਜਦਕਿ ਛੋਟੀਆਂ ਦੂਰੀਆਂ ਅਤੇ ਸਬਅਰਬਨ ਸੇਵਾਵਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਰੇਲਵੇ ਵਿਭਾਗ ਅਨੁਸਾਰ, ਇਸ ਵਾਧੇ ਨਾਲ ਸਾਲਾਨਾ ਲਗਭਗ 600 ਕਰੋੜ ਰੁਪਏ ਦੀ ਵਧੀਕ ਆਮਦਨ ਹੋਵੇਗੀ, ਜੋ ਕਿ ਵਧਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰੇਗੀ।ਵਾਧੇ ਦੇ ਵੇਰਵੇ ਇਸ ਤਰ੍ਹਾਂ ਹਨ: ਜਨਰਲ ਕਲਾਸ (ਆਰਕਸ਼ਿਤ ਨਹੀਂ) ਵਿੱਚ 215 ਕਿਲੋਮੀਟਰ ਤੱਕ ਦੀ ਯਾਤਰਾ ਦਾ ਭਾੜਾ ਪਹਿਲਾਂ ਵਾਂਗ ਹੀ ਰਹੇਗਾ। ਇਸ ਤੋਂ ਵੱਧ ਦੂਰੀ ਲਈ ਪ੍ਰਤੀ ਕਿਲੋਮੀਟਰ 1 ਪੈਸੇ ਦਾ ਵਾਧਾ ਹੋਵੇਗਾ। ਮੇਲ/ਐਕਸਪ੍ਰੈਸ ਟਰੇਨਾਂ ਦੇ ਨਾਨ-ਏਸੀ ਕਲਾਸਾਂ (ਸਲੀਪਰ, ਸੈਕਿੰਡ ਸਿਟਿੰਗ ਆਦਿ) ਅਤੇ ਸਾਰੀਆਂ ਟਰੇਨਾਂ ਦੇ ਏਸੀ ਕਲਾਸਾਂ (3ਏਸੀ, 2ਏਸੀ, 1ਏਸੀ, ਚੇਅਰ ਕਾਰ ਆਦਿ) ਵਿੱਚ ਪ੍ਰਤੀ ਕਿਲੋਮੀਟਰ 2 ਪੈਸੇ ਦਾ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਸਬਅਰਬਨ ਟਰੇਨਾਂ ਅਤੇ ਮੰਥਲੀ ਸੀਜ਼ਨ ਟਿਕਟਾਂ (ਐਮਐਸਟੀ) ਵਿੱਚ ਕੋਈ ਵਾਧਾ ਨਹੀਂ ਹੈ।ਉਦਾਹਰਨ ਵਜੋਂ, ਜੇਕਰ ਕੋਈ ਯਾਤਰੀ 500 ਕਿਲੋਮੀਟਰ ਦੀ ਨਾਨ-ਏਸੀ ਯਾਤਰਾ ਕਰਦਾ ਹੈ, ਤਾਂ ਉਸ ਨੂੰ 10 ਰੁਪਏ ਵੱਧ ਭਾੜਾ ਅਦਾ ਕਰਨਾ ਪਵੇਗਾ। 1000 ਕਿਲੋਮੀਟਰ ਦੀ ਦੂਰੀ ਲਈ, ਜਿਵੇਂ ਪਟਨਾ ਤੋਂ ਦਿੱਲੀ, ਨਾਨ-ਏਸੀ ਵਿੱਚ ਲਗਭਗ 20 ਰੁਪਏ ਅਤੇ ਪ੍ਰੀਮੀਅਮ ਟਰੇਨਾਂ ਜਿਵੇਂ ਰਾਜਧਾਨੀ, ਵੰਦੇ ਭਾਰਤ ਜਾਂ ਸੰਪੂਰਨ ਕ੍ਰਾਂਤਿ ਵਿੱਚ ਵੀ ਇਸੇ ਤਰ੍ਹਾਂ ਵਾਧਾ ਹੋਵੇਗਾ। ਇਹ ਵਾਧਾ ਬਹੁਤ ਮਾਮੂਲੀ ਹੈ, ਪਰ ਲੰਬੀਆਂ ਯਾਤਰਾਵਾਂ ਤੇ ਇਸ ਦਾ ਅਸਰ ਦਿਖਾਈ ਦੇਵੇਗਾ।ਰੇਲਵੇ ਵਿਭਾਗ ਨੇ ਇਸ ਵਾਧੇ ਦੇ ਕਾਰਨਾਂ ਬਾਰੇ ਦੱਸਿਆ ਹੈ ਕਿ ਪਿਛਲੇ ਇੱਕ ਦਹਾਕੇ ਵਿੱਚ ਰੇਲ ਨੈੱਟਵਰਕ ਦਾ ਕਾਫ਼ੀ ਵਿਸਥਾਰ ਹੋਇਆ ਹੈ। ਨਵੀਆਂ ਟਰੇਨਾਂ, ਰੂਟ ਅਤੇ ਸੁਰੱਖਿਆ ਵਿਵਸਥਾਵਾਂ ਵਧੀਆਂ ਹਨ। ਸਟਾਫ਼ ਦੀ ਗਿਣਤੀ ਵਧਾਉਣ ਨਾਲ ਸਲਾਨਾ 1.15 ਲੱਖ ਕਰੋੜ ਰੁਪਏ ਦਾ ਖਰਚਾ ਅਤੇ ਪੈਨਸ਼ਨ ਤੇ 60 ਹਜ਼ਾਰ ਕਰੋੜ ਰੁਪਏ ਖਰਚ ਹੋ ਰਹੇ ਹਨ। 2024-25 ਵਿੱਚ ਕੁੱਲ ਖਰਚਾ 2.63 ਲੱਖ ਕਰੋੜ ਰੁਪਏ ਹੈ। ਇਸ ਲਈ ਆਮਦਨ ਵਧਾਉਣ ਲਈ ਫਰੇਟ (ਮਾਲ ਢੋਆਈ) ਤੇ ਜ਼ੋਰ ਦਿੱਤਾ ਜਾ ਰਿਹਾ ਹੈ ਅਤੇ ਯਾਤਰੀ ਭਾੜੇ ਵਿੱਚ ਮਾਮੂਲੀ ਵਾਧਾ ਕੀਤਾ ਗਿਆ ਹੈ।ਇਹ ਵਾਧਾ ਜੁਲਾਈ 2025 ਵਿੱਚ ਹੋਏ ਪਿਛਲੇ ਵਾਧੇ ਤੋਂ ਬਾਅਦ ਦੂਜਾ ਹੈ, ਜਿਸ ਨੇ 700 ਕਰੋੜ ਰੁਪਏ ਦੀ ਆਮਦਨ ਵਧਾਈ ਸੀ। ਰੇਲਵੇ ਦਾ ਮੰਤਵ ਹੈ ਕਿ ਸੇਵਾਵਾਂ ਨੂੰ ਬਿਹਤਰ ਬਣਾਇਆ ਜਾਵੇ ਅਤੇ ਵਿੱਤੀ ਸਥਿਰਤਾ ਬਣਾਈ ਰੱਖੀ ਜਾਵੇ। ਯਾਤਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ IRCTC ਵੈੱਬਸਾਈਟ ਜਾਂ ਐਪ ਤੇ ਨਵੇਂ ਭਾੜੇ ਚੈੱਕ ਕਰਨ ਅਤੇ ਟਿਕਟਾਂ ਬੁੱਕ ਕਰਨ। ਇਸ ਨਾਲ ਕਰੋੜਾਂ ਯਾਤਰੀਆਂ ਦੀ ਜੇਬ ਤੇ ਅਸਰ ਪਵੇਗਾ, ਪਰ ਛੋਟੀਆਂ ਯਾਤਰਾਵਾਂ ਵਾਲੇ ਲੋਕਾਂ ਨੂੰ ਰਾਹਤ ਮਿਲੀ ਹੈ।ਭਾਰਤੀ ਰੇਲਵੇ ਦੁਨੀਆ ਦਾ ਸਭ ਤੋਂ ਵੱਡਾ ਨੈੱਟਵਰਕ ਹੈ ਅਤੇ ਲੱਖਾਂ ਲੋਕਾਂ ਦਾ ਜੀਵਨ ਰੇਖਾ ਹੈ। ਅਜਿਹੇ ਵਾਧੇ ਸਮੇਂ-ਸਮੇਂ ਤੇ ਲਾਜ਼ਮੀ ਹੋ ਜਾਂਦੇ ਹਨ ਤਾਂ ਜੋ ਨਵੀਆਂ ਸੁਵਿਧਾਵਾਂ ਜਿਵੇਂ ਵੰਦੇ ਭਾਰਤ, ਤੇਜਸ ਅਤੇ ਸੁਰੱਖਿਆ ਵਿਵਸਥਾਵਾਂ ਨੂੰ ਜਾਰੀ ਰੱਖਿਆ ਜਾ ਸਕੇ। ਉਮੀਦ ਹੈ ਕਿ ਇਸ ਨਾਲ ਰੇਲ ਸੇਵਾਵਾਂ ਹੋਰ ਬਿਹਤਰ ਹੋਣਗੀਆਂ।

## ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ,ਨੇ ਪਾਰਟੀ ਦੀ ਇੱਕ ਮਹੱਤਵਪੂਰਨ ਮੀਟਿੰਗ ਵਿੱਚ ਆਪਣੇ ਅਸਤੀਫੇ ਦੀ ਪੇਸ਼ਕਸ਼ ਕੀਤੀ ਹੈ



ਪੰਜਾਬ ਦੀ ਰਾਜਨੀਤੀ ਵਿੱਚ ਵੱਡੀ ਖਬਰ ਸਾਹਮਣੇ ਆਈ ਹੈ। ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਜੋ ਹੁਣ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ ਦੇ ਬਾਗੀ ਧੜੇ) ਦੇ ਪ੍ਰਧਾਨ ਹਨ, ਨੇ ਪਾਰਟੀ ਦੀ ਇੱਕ ਮਹੱਤਵਪੂਰਨ ਮੀਟਿੰਗ ਵਿੱਚ ਆਪਣੇ ਅਸਤੀਫੇ ਦੀ ਪੇਸ਼ਕਸ਼ ਕੀਤੀ ਹੈ। ਇਹ ਮੀਟਿੰਗ ਪਾਰਟੀ ਨੂੰ ਮਜ਼ਬੂਤ ਕਰਨ ਅਤੇ ਨਵੀਂ ਦਿਸ਼ਾ ਦੇਣ ਲਈ ਬੁਲਾਈ ਗਈ ਸੀ।ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਅਸਤੀਫੇ ਦੀ ਪੇਸ਼ਕਸ਼ ਦੇ ਕਾਰਨ ਵਜੋਂ ਪਾਰਟੀ ਵਿੱਚ ਅਨੁਸ਼ਾਸਨ ਦੀ ਘਾਟ ਅਤੇ ਅਣਉਚਿਤ ਵਿਵਹਾਰ ਨੂੰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਕੁਝ ਨੇਤਾਵਾਂ ਵੱਲੋਂ ਅਨੁਸ਼ਾਸਨਹੀਣਤਾ ਵਰਤੀ ਜਾ ਰਹੀ ਹੈ, ਜਿਸ ਨਾਲ ਪਾਰਟੀ ਦੀ ਇੱਕਤਾ ਅਤੇ ਪੰਥਕ ਮਕਸਦ ਨੂੰ ਠੇਸ ਪਹੁੰਚ ਰਹੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਪਾਰਟੀ ਵਿੱਚ ਅਨੁਸ਼ਾਸਨ ਨਹੀਂ ਬਣਾਇਆ ਗਿਆ ਤਾਂ ਉਹ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਲਈ ਮਜਬੂਰ ਹੋਣਗੇ। ਇਹ ਪੇਸ਼ਕਸ਼ ਮੀਟਿੰਗ ਵਿੱਚ ਮੌਜੂਦ ਨੇਤਾਵਾਂ ਨੂੰ ਝਟਕਾ ਦੇਣ ਵਾਲੀ ਸੀ।ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਸਾਲ 2025 ਵਿੱਚ ਅਕਾਲ ਤਖ਼ਤ ਵੱਲੋਂ ਬਣਾਈ ਗਈ ਕਮੇਟੀ ਦੇ ਫੈਸਲੇ ਤਹਿਤ ਮੁੱਖ ਧਾਰੇ ਵਾਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੋਂ ਵੱਖ ਹੋ ਕੇ ਬਣੀ ਨਵੀਂ ਪਾਰਟੀ ਹੈ। ਇਸ ਪਾਰਟੀ ਨੂੰ ਪੰਥਕ ਮੁੱਦਿਆਂ ਨੂੰ ਮੁੱਖ ਰੱਖ ਕੇ ਬਣਾਇਆ ਗਿਆ ਸੀ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਇਸ ਦੀ ਅਗਵਾਈ ਸੌਂਪੀ ਗਈ ਸੀ। ਪਾਰਟੀ ਨੇ ਛੇਤੀ ਹੀ ਲੱਖਾਂ ਮੈਂਬਰ ਬਣਾ ਕੇ ਆਪਣੀ ਮਜ਼ਬੂਤੀ ਦਿਖਾਈ ਹੈ, ਪਰ ਅੰਦਰੂਨੀ ਝਗੜੇ ਅਤੇ ਅਨੁਸ਼ਾਸਨ ਦੀ ਕਮੀ ਨੇ ਚਿੰਤਾ ਵਧਾ ਦਿੱਤੀ ਹੈ।ਗਿਆਨੀ ਹਰਪ੍ਰੀਤ ਸਿੰਘ ਪਹਿਲਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਹਿ ਚੁੱਕੇ ਹਨ ਅਤੇ ਸਿੱਖ ਮੁੱਦਿਆਂ ਤੇ ਖੁੱਲ੍ਹ ਕੇ ਬੋਲਣ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ ਪੰਜਾਬ ਦੀ ਸਿਆਸਤ ਵਿੱਚ ਪੰਥਕ ਵਿਚਾਰਧਾਰਾ ਨੂੰ ਮਜ਼ਬੂਤ ਕਰਨ ਦਾ ਯਤਨ ਕੀਤਾ ਹੈ। ਇਸ ਘਟਨਾ ਨਾਲ ਪਾਰਟੀ ਵਿੱਚ ਚਰਚਾ ਛਿੜ ਗਈ ਹੈ ਅਤੇ ਨੇਤਾਵਾਂ ਨੂੰ ਅਨੁਸ਼ਾਸਨ ਬਹਾਲ ਕਰਨ ਲਈ ਕਦਮ ਚੁੱਕਣੇ ਪੈਣਗੇ। ਜੇਕਰ ਅਸਤੀਫਾ ਮਨਜ਼ੂਰ ਹੋ ਜਾਂਦਾ ਹੈ ਤਾਂ ਪਾਰਟੀ ਲਈ ਇਹ ਵੱਡਾ ਝਟਕਾ ਹੋਵੇਗਾ। ਪੰਜਾਬ ਦੇ ਸਿੱਖ ਰਾਜਨੀਤੀ ਵਿੱਚ ਇਸ ਫੈਸਲੇ ਦੇ ਦੂਰਗਾਮੀ ਅਸਰ ਪੈ ਸਕਦੇ ਹਨ।ਇਹ ਖਬਰ ਪੰਜਾਬ ਦੀ ਰਾਜਨੀਤੀ ਵਿੱਚ ਨਵੇਂ ਬਦਲਾਵਾਂ ਦੀ ਨਿਸ਼ਾਨੀ ਹੈ, ਜਿੱਥੇ ਪੰਥਕ ਏਕਤਾ ਅਤੇ ਅਨੁਸ਼ਾਸਨ ਮੁੱਖ ਮੁੱਦੇ ਬਣ ਰਹੇ ਹਨਇਸ ਘਟਨਾ ਨਾਲ ਪਾਰਟੀ ਵਿੱਚ ਚਰਚਾ ਛਿੜ ਗਈ ਹੈ ਅਤੇ ਨੇਤਾਵਾਂ ਨੂੰ ਅਨੁਸ਼ਾਸਨ ਬਹਾਲ ਕਰਨ ਲਈ ਕਦਮ ਚੁੱਕਣੇ ਪੈਣਗੇ।



## ਰਾਜਧਾਨੀ ਐਕਸਪ੍ਰੈਸ ਟ੍ਰੇਨ ਨੇ ਜੰਗਲੀ ਹਾਥੀਆਂ ਦੇ ਇੱਕ ਝੁੰਡ ਨਾਲ ਟੱਕਰ ਮਾਰ ਦਿੱਤੀ

ਅਸਾਮ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਾਪਰੀ ਹੈ ਜਿੱਥੇ ਸੈਰੰਗ-ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ ਟ੍ਰੇਨ ਨੇ ਜੰਗਲੀ ਹਾਥੀਆਂ ਦੇ ਇੱਕ ਝੁੰਡ ਨਾਲ ਟੱਕਰ ਮਾਰ ਦਿੱਤੀ। ਇਹ ਹਾਦਸਾ 20 ਦਿਸੰਬਰ 2025 ਨੂੰ ਸਵੇਰੇ ਲਗਭਗ 2:17 ਵਜੇ ਨਾਗਾਂਵ ਜ਼ਿਲ੍ਹੇ ਦੇ ਹੋਜਾਈ ਖੇਤਰ ਵਿੱਚ ਜਮੁਨਾਮੁਖ-ਕਾਂਪੁਰ ਸੈਕਸ਼ਨ ਵਿੱਚ ਵਾਪਰਿਆ। ਟ੍ਰੇਨ ਦੇ ਲੋਕੋ ਪਾਇਲਟ ਨੇ ਹਾਥੀਆਂ ਦੇ ਝੁੰਡ ਨੂੰ ਦੇਖ ਕੇ ਐਮਰਜੈਂਸੀ ਬ੍ਰੇਕ ਲਗਾ ਦਿੱਤੇ ਸਨ, ਪਰ ਤੇਜ਼ ਰਫ਼ਤਾਰ ਕਾਰਨ ਟੱਕਰ ਨੂੰ ਰੋਕਿਆ ਨਹੀਂ ਜਾ ਸਕਿਆ। ਇਸ ਟੱਕਰ ਕਾਰਨ ਸੱਤ ਜੰਗਲੀ ਹਾਥੀ ਮਾਰੇ ਗਏ, ਜਿਨ੍ਹਾਂ ਵਿੱਚ ਤਿੰਨ ਬਾਲਗ ਅਤੇ ਚਾਰ ਬੱਚੇ ਸ਼ਾਮਲ ਸਨ। ਇੱਕ ਨਿੱਕੇ ਹਾਥੀ ਨੂੰ ਵੀ ਗੰਭੀਰ ਸੱਟਾਂ ਲੱਗੀਆਂ ਹਨ।ਟੱਕਰ ਦੇ ਅਸਰ ਨਾਲ ਟ੍ਰੇਨ ਦਾ ਇੰਜਣ ਅਤੇ ਪੰਜ ਡੱਬੇ ਪਟੜੀ ਤੋਂ ਉਤਰ ਗਏ। ਖੁਸ਼ਕਿਸਮਤੀ ਨਾਲ ਟ੍ਰੇਨ ਵਿੱਚ ਸਵਾਰ ਲਗਭਗ 650 ਯਾਤਰੀਆਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਸਾਰੇ ਯਾਤਰੀ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਦੂਜੇ ਡੱਬਿਆਂ ਵਿੱਚ ਸ਼ਿਫਟ ਕਰਕੇ ਅੱਗੇ ਭੇਜਿਆ ਗਿਆ। ਰਾਹਤ ਅਤੇ ਬਚਾਅ ਕਾਰਜ ਤੁਰੰਤ ਸ਼ੁਰੂ ਕਰ ਦਿੱਤੇ ਗਏ। ਨੌਰਥ ਈਸਟ ਫਰੰਟੀਅਰ ਰੇਲਵੇ ਦੇ ਜਨਰਲ ਮੈਨੇਜਰ ਅਤੇ ਲੁਮਡਿੰਗ ਡਿਵੀਜ਼ਨ ਦੇ ਡੀਆਰਐਮ ਸਮੇਤ ਸੀਨੀਅਰ ਅਧਿਕਾਰੀ ਮੌਕੇ ਤੇ ਪਹੁੰਚ ਗਏ। ਖਰਾਬ ਹੋਏ ਡੱਬਿਆਂ ਨੂੰ ਵੱਖ ਕਰਕੇ ਟ੍ਰੇਨ ਨੂੰ ਗੁਹਾਟੀ ਵੱਲ ਰਵਾਨਾ ਕੀਤਾ ਗਿਆ ਅਤੇ ਉੱਥੇ ਵਾਧੂ ਡੱਬੇ ਜੋੜ ਕੇ ਯਾਤਰਾ ਜਾਰੀ ਰੱਖੀ ਜਾਵੇਗੀ।ਇਹ ਖੇਤਰ ਜੰਗਲ ਨੇੜੇ ਹੈ ਅਤੇ ਹਾਥੀਆਂ ਦੇ ਆਉਣ-ਜਾਣ ਦੀ ਥਾਂ ਹੈ, ਹਾਲਾਂਕਿ ਰੇਲਵੇ ਅਨੁਸਾਰ ਇਹ ਕੋਈ ਨਿਸ਼ਚਿਤ ਹਾਥੀਤਾਰੀ ਕਾਰੀਡੋਰ ਨਹੀਂ ਹੈ। ਅਸਾਮ ਵਿੱਚ ਅਜਿਹੀਆਂ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ ਕਿਉਂਕਿ ਜੰਗਲੀ ਹਾਥੀ ਖਾਣਾ ਲੱਭਦੇ ਹੋਏ ਰੇਲਵੇ ਟ੍ਰੈਕ ਤੇ ਆ ਜਾਂਦੇ ਹਨ। ਰੇਲਵੇ ਅਤੇ ਜੰਗਲ ਵਿਭਾਗ ਮਿਲ ਕੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਉਪਾਅ ਕਰ ਰਹੇ ਹਨ, ਪਰ ਫਿਰ ਵੀ ਇਹ ਸਮੱਸਿਆ ਬਣੀ ਹੋਈ ਹੈ। ਪਿਛਲੇ ਕਈ ਸਾਲਾਂ ਵਿੱਚ ਭਾਰਤ ਵਿੱਚ ਟ੍ਰੇਨਾਂ ਨਾਲ ਟਕਰਾ ਕੇ ਕਈ ਦਰਜਨ ਹਾਥੀ ਮਾਰੇ ਜਾ ਚੁੱਕੇ ਹਨ।ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਇਸ ਘਟਨਾ ਤੇ ਦੁੱਖ ਪ੍ਰਗਟ ਕੀਤਾ ਅਤੇ ਪੂਰੀ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾਂ ਨੇ ਕਿਹਾ ਕਿ ਸੱਤ ਹਾਥੀਆਂ ਦੀ ਮੌਤ ਬਹੁਤ ਦੁਖਦਾਈ ਹੈ। ਜੰਗਲੀ ਜੀਵਾਂ ਦੀ ਸੁਰੱਖਿਆ ਅਤੇ ਮਨੁੱਖੀ ਗਤੀਵਿਧੀਆਂ ਵਿੱਚ ਸੰਤੁਲਨ ਬਣਾਉਣਾ ਜ਼ਰੂਰੀ ਹੈ। ਇਸ ਘਟਨਾ ਨੇ ਫਿਰ ਤੋਂ ਵਾਤਾਵਰਣ ਅਤੇ ਵਾਈਲਡਲਾਈਫ ਸੰਭਾਲ ਦੇ ਮੁੱਦੇ ਨੂੰ ਉਭਾਰਿਆ ਹੈ। ਰੇਲਵੇ ਟ੍ਰੈਕਾਂ ਤੇ ਸਪੀਡ ਲਿਮਿਟ, ਸੈਂਸਰ ਅਤੇ ਹਾਥੀਆਂ ਲਈ ਵਿਸ਼ੇਸ਼ ਪੈਸੇਜ ਵਰਗੇ ਉਪਾਅ ਵਧਾਉਣ ਦੀ ਲੋੜ ਹੈ।ਇਸ ਹਾਦਸੇ ਕਾਰਨ ਰੇਲ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ ਅਤੇ ਕਈ ਟ੍ਰੇਨਾਂ ਨੂੰ ਡਾਈਵਰਟ ਕੀਤਾ ਗਿਆ ਹੈ। ਟ੍ਰੈਕ ਦੀ ਮੁਰੰਮਤ ਦਾ ਕੰਮ ਜਾਰੀ ਹੈ ਅਤੇ ਜਲਦੀ ਹੀ ਸਧਾਰਨ ਹੋ ਜਾਵੇਗਾ। ਜੰਗਲੀ ਹਾਥੀ ਭਾਰਤ ਦੀ ਵਿਰਾਸਤ ਹਨ ਅਤੇ ਉਨ੍ਹਾਂ ਨੂੰ ਬਚਾਉਣਾ ਸਾਡੀ ਜ਼ਿੰਮੇਵਾਰੀ ਹੈ। ਅਜਿਹੀਆਂ ਘਟਨਾਵਾਂ ਤੋਂ ਸਿੱਖਿਆ ਲੈ ਕੇ ਬਿਹਤਰ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਸੈਰੰਗ-ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ ਅਸਾਮ ਦੇ ਨਾਗਾਓਂ ਵਿੱਚ ਹਾਥੀਆਂ ਦੇ ਝੁੰਡ ਨਾਲ ਟਕਰਾ ਗਈ। ਇਸ ਹਾਦਸੇ ਵਿੱਚ ਸੱਤ ਹਾਥੀਆਂ ਦੀ ਮੌਤ ਹੋ ਗਈ। ਟ੍ਰੇਨ ਦਾ ਇੰਜਣ ਅਤੇ ਪੰਜ ਡੱਬੇ ਪਟੜੀ ਤੋਂ ਉਤਰ ਗਏ। ਹਾਲਾਂਕਿ, ਸਾਰੇ ਯਾਤਰੀ ਸੁਰੱਖਿਅਤ ਹਨ। ਉਨ੍ਹਾਂ ਨੂੰ ਹੋਰ ਟ੍ਰੇਨ ਡੱਬਿਆਂ ਵਿੱਚ ਤਬਦੀਲ ਕਰਕੇ ਗੁਹਾਟੀ ਲਿਜਾਇਆ ਗਿਆ ਹੈ। ਇਸ ਦੌਰਾਨ, ਪਟੜੀਆਂ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ। ਜਲਦੀ ਹੀ ਸੰਚਾਲਨ ਮੁੜ ਸ਼ੁਰੂ ਹੋਣ ਦੀ ਉਮੀਦ ਹੈ।ਅਸਾਮ ਦੇ ਨਾਗਾਓਂ ਜ਼ਿਲ੍ਹੇ ਵਿੱਚ ਸ਼ਨੀਵਾਰ ਸਵੇਰੇ ਇੱਕ ਦਰਦਨਾਕ ਰੇਲ ਹਾਦਸਾ ਵਾਪਰਿਆ। ਸੈਰੰਗ-ਨਵੀਂ ਦਿੱਲੀ ਰਾਜਧਾਨੀ ਐਕਸਪ੍ਰੈਸ, ਟ੍ਰੇਨ ਨੰਬਰ 20507 ਡਾਊਨ, ਹਾਥੀਆਂ ਦੇ ਝੁੰਡ ਨਾਲ ਟਕਰਾ ਗਈ। ਪ੍ਰਭਾਵਿਤ ਡੱਬਿਆਂ ਵਿੱਚ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਅਸਥਾਈ ਤੌਰ 'ਤੇ ਦੂਜੇ ਡੱਬਿਆਂ ਵਿੱਚ ਖਾਲੀ ਬਰਥਾਂ 'ਤੇ ਤਬਦੀਲ ਕਰ ਦਿੱਤਾ ਗਿਆ। ਨੁਕਸਾਨੇ ਗਏ ਡੱਬਿਆਂ ਨੂੰ ਵੱਖ ਕਰਨ ਤੋਂ ਬਾਅਦ, ਰੇਲਗੱਡੀ ਸਵੇਰੇ ਗੁਹਾਟੀ ਲਈ ਰਵਾਨਾ ਹੋ ਗਈ। ਗੁਹਾਟੀ ਪਹੁੰਚਣ 'ਤੇ, ਰੇਲਗੱਡੀ ਵਿੱਚ ਵਾਧੂ ਡੱਬੇ ਜੋੜੇ ਜਾਣਗੇ, ਜਿਸ ਤੋਂ ਬਾਅਦ ਇਹ ਆਪਣੀ ਅੱਗੇ ਦੀ ਯਾਤਰਾ ਜਾਰੀ ਰੱਖੇਗੀ। ਇਹ ਰੇਲਗੱਡੀ ਇਸ ਸਾਲ ਸਤੰਬਰ ਵਿੱਚ ਸ਼ੁਰੂ ਕੀਤੀ ਗਈ ਸੀ।

# ਦੁਨੀਆਂ ਤਾਂ ਕੀ ਕਈ ਵਾਰ ਮਾਤਾ-ਪਿਤਾ ਵੀ ਬੱਚੇ ਨੂੰ ਸਮਝ ਨਹੀਂ ਸਕਦੇ



ਦੁਨੀਆਂ ਤਾਂ ਕੀ ਕਈ ਵਾਰ ਮਾਤਾ-ਪਿਤਾ ਵੀ ਬੱਚੇ ਨੂੰ ਸਮਝ ਨਹੀਂ ਸਕਦੇ। ਸਗੋਂ ਉਸ ਨੂੰ ਰੋਗੀ ਸਮਝ ਲੈਂਦੇ, ਪੀਰਾਂ ਨੂੰ ਦਿਖਾਉਣ ਲਗਦੇ। ਅਪਣੀ ਗੱਲ ਕਰਾਂ ਤਾਂ Jagroop Singh Bath ਬਾਈ ਹੋਰੀਂ ਕਹਿੰਦੇ ਤੈਨੂੰ ਪੜ੍ਹ ਕੇ ਲਗਦਾ ਸੀ ਜਗਤਾਰ ਕੋਈ ਸੱਠ ਸੱਤਰ ਸਾਲ ਦਾ ਹੈ। ਜਦੋਂ ਪਹਿਲੀ ਕਿਤਾਬ ਆਈ ਤਾਂ ਬਹੁਤਿਆਂ ਨੇ ਵੀ ਇਹੀ ਗੱਲ ਆਖੀ ਸੀ। ਖੁਸ਼ਕਿਸਮਤੀ ਹੈ ਕਿ ਮੈਨੂੰ ਪੜ੍ਹਨ ਵਾਲੇ ਮੇਰੇ ਤੋਂ ਵੱਡੇ ਹਨ ਪਰ ਬਦਕਿਸਮਤੀ ਹੈ ਕਈ ਹਕੀਕਤ ਨੂੰ ਕਹਾਣੀ ਦਾ ਨਾਮ ਦੇ ਦਿੰਦੇ। ਇੱਕ ਹਕੀਕਤ ਇਹ ਵੀ ਹੈ ਕਈ ਰਿਸ਼ਤੇ ਅਜਿਹੇ ਜਿਨਾ ਕੋਲ ਬੈਠ ਕੇ ਬਚਪਨ ਜਿਹਾ ਦਿਲ ਹੋ ਜਾਂਦਾ, ਮਾਂ ਵਾਂਗ ਕੁੱਟ ਵੀ ਉਹਨਾਂ ਤੋਂ ਖਾਣੀ ਚਿੰਬੜ ਕੇ ਰੋਣਾ ਵੀ ਉਹਨਾਂ ਦੇ ਗਲ ਲੱਗ। ਨੇਕ ਕਮਾਈ ' ਚੋਂ ਬਹੁਤ ਨੇਕ ਇਨਸਾਨ ਹੁੰਦੇ। ਜਿਹੜੇ ਕਿਸੇ ਬੱਚੇ ਦਾ ਬਚਪਨ ਨਹੀਂ ਮਰਨ ਦਿੰਦੇ। ਜਿਨਾਂ ਦਾ ਮੋਹ ਫ਼ਿਕਰ ਵੇਖਕੇ ਕਹਿੰਦਾ ਹੁੰਦਾਂ ਮੈਂ ਗਲਤ ਕੁੰਡਾ ਖੋਲ੍ਹ ਲਿਆ ਆਉਣਾ ਇੱਥੇ ਸੀ। ਜਿਹੜੇ ਦੁਨੀਆਂ ਅੰਦਰ ਮਾਂ ਤੋਂ ਬਾਅਦ ਮੇਰੇ ਜਿਹੇ ਲਈ ਵਫ਼ਾਦਾਰ ਸਾਬਿਤ ਹੋਏ। ਜਿਨਾ ਦੇ ਕੁੜਤੇ ਚੋਰੀਓਂ ਪਾਕੇ ਵੇਖੇ ਹਨ। ਜਿਹੜੇ ਕਹਿੰਦੇ ਰਹਿੰਦੇ ਚਿੱਟੇ ਵਾਲਾ ਤੋਂ ਮੱਤ ਲੈਲਾ #ਕੰਜਰਾ ਪਰ ਜਿਨਾ ਦੇ ਖੁਦ ਅੰਦਰ ਵੀ ਬਚਪਨਾ ਹੈ। ਜਦੋਂ ਬੱਚਿਆਂ ਵਾਂਗ ਡਰ ਲਗਦਾ ਤਾਂ ਅਕਸਰ ਜਿਨਾ ਨਾਲ ਗੱਲ ਕਰ ਲੈਂਦਾ ਹਾਂ। ਇੱਕ ਦਿਨ Kulattar Singh Dhaliwal ਬਾਈ ਨੂੰ ਆਖਿਆ ਹੁਣ ਮੈਨੂੰ ਚੀਜਾਂ ਨਹੀਂ ਮਨ ਅੰਦਰ ਗੱਲਾਂ ਘਰ ਕਰਨ ਲੱਗ ਪਈਆਂ ਜੀ। ਬੀਤ ਚੁੱਕੀਆਂ ਬਹੁਤ ਗੱਲਾਂ ਤੇ ਗੁੱਸਾ ਜਾਂ ਹਾਸਾ ਆਉਂਦਾ। ਉਹਨਾਂ ਨੇ ਕਿਹਾ ਇਨਸਾਨ ਇੱਕ ਬ੍ਰਹਿਮੰਡ ਬਾਂਗ ਹੈ। ਇਸ ਬ੍ਰਹਿਮੰਡ ਵਿੱਚ ਤਾਰੇ ਵੀ ਟੁੱਟਦੇ ਆ, ਸਮੁੰਦਰ ਦੀਆਂ ਛੱਲਾਂ ਵੀ ਉਛਲਦੀਆਂ, ਸੂਰਜ ਵੀ ਚੜ੍ਹਦਾ ਤੇ ਛਿਪਦਾ, ਚੰਦ ਨੂੰ ਵੀ ਗਰੈਣ ਲੱਗਦਾ ਚੰਨ ਮੇਰਿਆ। ਉਸੇ ਤਰ੍ਹਾਂ ਇਨਸਾਨ ਵੀ ਟੁੱਟਦਾ, ਦੁੱਖ ਸੁੱਖ ' ਚੋਂ ਲੰਘਦਾ। ਪੁੱਤ ਤੇਰੇ ਵਰਗਾ ਰੂਹ ਦਾ ਸੁਦਾਈ ਮੱਧਵਰਗੀ ਪਰਿਵਾਰ ਦਾ ਬੱਚਾ ਆਪਣੀ ਮਾਂ ਨੂੰ ਕਹਿੰਦਾ ਮੇਰੇ ਉਹ ਬਚਪਨ ਵਾਲਾ ਕੁੜਤਾ ਪਾ। ਜਿਹੜਾ ਮੈਂ ਕਿਸੇ ਪ੍ਰੋਗਰਾਮ ' ਚ ਪਾਇਆ ਸੀ। ਮਾਂ ਕਹਿੰਦੀ ਹੁਣ ਮੰਗਾਈ ਹੋ ਗਈ, ਤੂੰ ਵੀ ਵੱਡਾ ਹੋ ਗਿਆ ਹੁਣ ਬਹੁਤ ਮਹਿੰਗਾ ਬਣੂਗਾ ਤੇ ਆਪਾਂ ਉਹਨੂੰ ਬਣਾਉਣ ਦੇ ਯੋਗ ਨਹੀਂ। ਕਹਿੰਦਾ ਫਿਰ ਉਹੀ ਬਚਪਨ ਵਾਲਾ ਕੁੜਤਾ ਪਾ ਦਿਓ। ਪਰ ਹੁਣ ਕਿਵੇਂ ਰੱਬ ਦਾ ਭਾਣਾ ਦਿਨ ਕਦੇ ਵੀ ਵਾਪਿਸ ਨਹੀਂ ਆਉਂਦੇ ਇਹ ਗੱਲ ਮੈਨੂੰ Harnek Singh Hundal ਸਰਪੰਚ ਵੀ ਕਹਿੰਦੇ ਹੁੰਦੇ (ਕਵਨ ਮੂਲ ਕਵਨ ਦਿਰਸ ਟਾਨੀ) ਇਨਸਾਨ ਦਾ ਰੂਪ ਕੀ ਆ ਦਿਸਦਾ ਕੀ ਆ। ਫਿਰ ਕਹਿੰਦੇ ਪੁੱਤ (ਭਾਵ, ਦੁੱਖਾਂ ਦੇ ਸੁਖਾਂ ਤੇ ਚੱਕਰ ਹਰੇਕ ਉੱਤੇ ਆਉਂਦੇ ਹੀ ਰਹਿੰਦੇ ਹਨ) ਸੁਖ ਤੇ ਦੁਖ ਦੋਵੇਂ ਪ੍ਰਭੂ ਦੇ ਦਰ ਤੋਂ ਕੱਪੜੇ ਮਿਲੇ ਹੋਏ ਹਨ ਜੋ, ਮਨੁੱਖ ਜਨਮ ਲੈ ਕੇ ਇਥੇ ਪਹਿਨਦੇ ਹਨ।ਇੱਕ ਦਿਨ ਬੀਬੀ ਵਾਲੀ ਪੇਟੀ ' ਚੋਂ ਪਹਿਨਿਆ ਜਨਮ ਸਮੇਂ ਦਾ ਪਹਿਲਾਂ ਕੁੜਤਾ ਮਿਲਿਆ। ਜਿਹੜਾ ਬਾਈ ਦਾ ਸੀ ਫਿਰ ਮੇਰੇ ਜਨਮ ਸਮੇਂ ਪਹਿਲਾਂ ਕੁੜਤਾ ਉਹੀ ਪਾਇਆ ਗਿਆ , ਸਾਇਦ ਬਹੁਤ ਕੁੱਝ ਜਨਮ ਸਮੇਂ ਹੀ ਤਹਿ ਹੋ ਚੁੱਕਾ ਸੀ। ਜਿਵੇਂ ਦੋ ਤਨ ਇੱਕ ਪੀੜ ਹੰਡਾ ਰਹੇ ਹੋਣ। ਬਾਈ ਤੋਂ ਬਾਅਦ ਇੱਕ ਰਿਸ਼ਤਾ ਹੋਰ ਜਿਸ ਦੇ ਤਨ ਲੱਗੇ ਕੱਪੜੇ ਪਾਉਣ ਦਾ ਮੌਕਾ ਮਿਲਿਆ। ਬਾਈ ਜਿਹੜੇ ਉਹਨਾਂ ਸਮਿਆਂ ' ਚ ਤਨ ਉੱਤੇ ਇਤਰ ਲਾਉਂਦਾ ਸੀ ਸਾਇਦ ਹੀ ਹਰੇਕ ਕੋਈ ਜਾਣਦਾ ਹੋਵੇ ਪਰ ਬਾਈ ਕਹਿੰਦਾ ਹੁੰਦਾ ਸੀ ਜਦੋਂ ਤੱਕ ਕੋਈ ਕਿਸੇ ਦੂਜੇ ਦੀ ਜੁੱਤੀ ' ਚ ਪੈਰ ਨਹੀਂ ਪਾਉਂਦਾ ਤਾਂ ਉਹਦੀ ਪੀੜ ਜਾਣ ਜਾਂ ਸਮਝ ਨਹੀਂ ਆਉਂਦੀ।

ਪਰ ਮੈ ਕੁਲਤਾਰ ਬਾਈ ਦੀ ਗੱਲ ਸਮਝ ਗਿਆ ਸੀ। ਇਨਸਾਨ ਦੀ ਸੋਚ, ਕੱਪੜੇ, ਰੁਤਬੇ ਸਦਾ ਇੱਕੋ ਜਿਹੇ ਜਾਂ ਫਿਰ ਇੱਕ ਮੇਚ ਦੇ ਨਹੀਂ ਰਹਿੰਦੇ। ਅਸੀਂ ਕੋਠੀਆਂ ਨਾਲੋਂ ਆਪਣੇ ਤਾਏ ਹੋਰਾਂ ਦੀਆਂ ਛੋਟੀਆਂ ਹੋਈਆਂ ਬੂਟ, ਕੋਟੀਆਂ ਦੇ ਮਾਲਕ ਹੋਣਾ ਜਿਆਦਾ ਚੰਗਾ ਸਮਝਦੇ। ਕਿਉਕਿ ਸਾਨੂੰ ਉਹਨਾਂ ਨਾਲ ਪਿਆਰ ਹੈ। ਛੋਟੀ ਉਮਰ ' ਚ ਪਿਆਰ ਵੀ ਹੋ ਜਾਂਦਾ, ਦਿਲ ਵੀ ਟੁੱਟਦਾ, ਗਲਤੀਆਂ ਵੀ ਹੋ ਜਾਂਦੀਆਂ, ਹਾਲਾਤ ਵੀ ਬਦਲਦੇ ਰਹਿੰਦੇ। ਬਹੁਤ ਕੁੱਝ ਬਦਲ ਜਾਂਦਾ। ਕੁੜਤੇ ਵਾਂਗ ਕੁੱਝ ਰਿਸ਼ਤੇ ਜਿਹੜੇ ਸਾਡੇ ਮੇਚ ਨਹੀਂ ਹੁੰਦੇ ਹੰਢਾਉਣੇ ਪੈਂਦੇ। ਪਰ ਮਾਂ ਪਿਓ ਅਤੇ ਕੁੱਝ ਲੋਕਾਂ ਦਾ ਪਿਆਰ ਕਦੇ ਨਹੀਂ ਬਦਲਦਾ। ਇਹ ਸਮਝਣ ਬਾਅਦ ਸੱਚੀਂ ਮੈਂ ਬੱਚਿਆਂ ਵਾਂਗ ਰੋਇਆ। ਜਿਵੇਂ ਮਾਂ ਦਾ ਢਿੱਡ ਪਾੜਕੇ ਜਨਮ ਸਮੇਂ ਪਹਿਲੀ ਚੰਗਿਆੜ ਮਾਰੀ ਸੀ।

ਜਗਤਾਰ ਸਿੰਘ ਧਾਲੀਵਾਲ
ਭਗਵਾਨ ਗੜ੍ਹ ਭੁੱਖਿਆਂ ਵਾਲੀ (ਬਠਿੰਡਾ)

# ਪੁਸਤਕ ਸਮੀਖਿਆ ਕਵੀਸ਼ਰੀ ਪ੍ਰਸੰਗ ਜੀਵਨ ਬਿਰਤਾਂਤ (ਸ਼੍ਰੋਮਣੀ ਭਗਤ ਨਾਮਦੇਵ ਜੀ) ਲੇਖਕ ਬਲਬੀਰ ਸਿੰਘ ਬੇਲੀ



ਪੰਨੇ 464 ਮੁੱਲ 595 ਸਮੀਖਿਆ ਕਰਤਾ, ਗਿਆਨੀ ਹਰਭਜਨ ਸਿੰਘ ਭਗਰੱਥ ਵਿਸ਼ਵ ਸਾਹਿਤਿਕ ਸਿਤਾਰੇ ਮੰਚ ਤਰਨ ਤਰਨ ਪੰਜਾਬ ,ਅਕਾਲ ਪੁਰਖ ਵਾਹਿਗੁਰੂ ਜੋ ਕਿ ਪੂਰੇ ਬ੍ਰਹਿਮੰਡ ਵਿੱਚ ਕੇਵਲ ਇੱਕ ਹੀ ਹਨ ਕਰਤਾ ਪੁਰਖ ਹਨ ਨਿਰਭਉ ਨਿਰਵੈਰ ਹਨ ਅਕਾਲ ਮੂਰਤਿ ਹਨ ਇਸ ਮਾਤ ਲੋਕ ਵਿੱਚ ਭੇਜੇ ਹੋਏ ਆਪਣੇ ਜੀਵਾਂ ਤੇ ਜਦੋਂ ਕਿਰਪਾ ਕਰਦੇ ਹਨ ਤਾਂ ਉਹਨਾਂ ਨੂੰ ਆਪਣੀ ਭਗਤੀ ਦਾ ਦਾਨ ਬਖਸ਼ਦੇ ਹਨ ਜੀਵ ਇਸ ਸੰਸਾਰ ਵਿੱਚ ਗ੍ਰਹਿਸਤ ਮਾਰਗ ਵਿੱਚ ਰਹਿੰਦਿਆਂ ਹੋਇਆ ਆਪਣੇ ਨਿਤਾ ਪ੍ਰਤੀ ਦੇ ਕੰਮਾਂ ਵਿੱਚ ਵਿਚਰਦਿਆਂ ਅਕਾਲ ਪੁਰਖ ਵਾਹਿਗੁਰੂ ਨਾਲ ਸੁਰਤੀ ਜੋੜ ਰੱਖਦਾ ਹੈ ਅਤੇ ਪ੍ਰਭੂ ਨੂੰ ਜਪਦਿਆਂ ਜਪਦਿਆਂ ਬਹੁਤ ਮਹਾਨ ਕਾਰਜ ਵੀ ਨਾਲ ਨਾਲ ਕਰੀ ਜਾ ਰਿਹਾ ਹੁੰਦਾ ਹੈ ਕਿਉਂਕਿ ਈਸ਼ਵਰ ਆਪਣੀ ਕਿਰਪਾ ਦੁਆਰਾ ਐਸੇ ਵਿਅਕਤੀ ਕੋਲੋਂ ਅੱਛੇ ਕਰਮ ਕਰਵਾ ਰਿਹਾ ਹੁੰਦਾ ਹੈ ਉਸ ਉਪਰ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਬਣੀ ਹੁੰਦੀ ਹੈ ਉਸਨੇ ਇਸ ਸੰਸਾਰ ਰੂਪੀ ਭਵ ਸਾਗਰ ਵਿੱਚੋਂ ਨਾਮ ਰੂਪੀ ਬੇੜੀ ਵਿੱਚ ਸਵਾਰ ਹੋ ਕੇ ਸੱਚਖੰਡ ਵੱਲ ਪਿਆਨਾ ਕਰਨ ਦੀ ਤਿਆਰੀ ਮੁੱਢ ਤੋਂ ਹੀ ਕਰ ਲਈ ਹੁੰਦੀ ਹੈ ਇਹ ਮੇਰਾ ਅਨੁਭਵ ਹੈ ਮੇਰੇ ਇਸ ਵਿਚਾਰ ਦੀ ਪਰੋੜਤਾ ਕਰ ਰਹੇ ਹਨ ਬਲਬੀਰ ਸਿੰਘ ਜੀ ਬੇਲੀ ਪੰਜਾਬੀ ਸਾਹਿਤ ਸਭਾ ਅਤੇ ਸੱਭਿਆਚਾਰਕ ਕੇਂਦਰ ਤਰਨ ਤਰਨ ਦੇ ਮੀਤ ਪ੍ਰਧਾਨ ਜੋ ਕਿ ਲਗਭਗ 35 ਸਾਲ ਤੋਂ ਗੁਰਦੁਆਰਾ ਭਗਤ ਬਾਬਾ ਨਾਮਦੇਵ ਜੀ ਮੁਹੱਲਾ ਟਾਂਕ ਕਛੱਤਰੀ ਨੇੜੇ ਪੁਰਾਤਨ ਨੂਰ ਦੀ ਅੱਡਾ ਬੇਲੀ ਸਾਹਿਬ ਭਗਤ ਨਾਮਦੇਵ ਜੀ ਦੇ ਗੁਰਦੁਆਰਾ ਸਾਹਿਬ ਵਿੱਚ ਬਤੌਰ ਗ੍ਰੰਥੀ ਆਪਣੀ ਡਿਊਟੀ ਤਨਦੇਹੀ ਨਾਲ ਨਿਭਾ ਰਹੇ ਹਨ ਅਤੇ ਗ੍ਰੰਥੀ ਹੋਣ ਦੇ ਨਾਲ ਨਾਲ ਮਹਾਨ ਕਥਾ ਵਾਚਕ ਵੀ ਹਨ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਬੇਲੀ ਸਾਹਿਬ ਕਰ ਚੁੱਕੇ ਹਨ ਪਿਆਰ ਮੁਹੱਬਤ ਨਿਮਰਤਾ ਅਤੇ ਮਿਠਾਸ ਇਹਨਾਂ ਦੀ ਸ਼ਬਦਾਵਲੀ ਵਿੱਚ ਇਉ ਸਮਾਈ ਹੋਈ ਹੈ ਜਿਵੇਂ ਫੁੱਲਾਂ ਵਿੱਚ ਮਕਰੰਦ ਭਰੀ ਹੋਵੇ ਲੇਕਿਨ ਉਸ ਮਕਰੰਦ ਨੂੰ ਕੇਵਲ ਮਧੂ ਮੱਖੀਆਂ ਹੀ ਪਹਿਚਾਣ ਸਕਦੀਆਂ ਹਨ ਅਤੇ ਉਸਦਾ ਰਸ ਮਾਣ ਸਕਦੀਆਂ ਹਨ ਮੈਂ 1980 ਤੋਂ ਬੇਲੀ ਸਾਹਿਬ ਦੀ ਸ਼ਖਸ਼ੀਅਤ ਤੋਂ ਵਾਕਿਫ ਹਾਂ ਅਤੇ ਬਹੁਤ ਪ੍ਰਭਾਵਿਤ ਵੀ ਹਾਂ ਸਮੇਂ ਸਮੇਂ ਤੇ ਬੇਲੀ ਸਾਹਿਬ ਕੋਲੋਂ ਗਿਆਨ ਪ੍ਰਾਪਤ ਕਰਨ ਲਈ ਮੈਂ ਹਰ ਵਕਤ ਤੱਤਪਰ ਰਿਹਾ ਹਾਂ ਪਿਆਰ ਦੇ ਮੁਜਸਮੇ ਬੇਲੀ ਸਾਹਿਬ ਗੁਰਬਾਣੀ ਉਪਦੇਸ਼ ਦੇ ਨਾਲ ਨਾਲ ਬੁੱਧੀਜੀਵੀ ਲੇਖਕ ਹਨ ਅਤੇ ਆਪਣੀਆਂ ਲਿਖਤਾਂ ਦੁਆਰਾ ਭੱਟਕੀ ਹੋਈ ਮਾਨਵਤਾ ਦਾ ਮਾਰਗਦਰਸ਼ਨ ਬੇਲੀ ਸਾਹਿਬ ਕਰ ਰਹੇ ਹਨ ਹਾਲ ਹੀ ਵਿੱਚ ਬੇਲੀ ਸਾਹਿਬ ਦੀ ਨਵੀਂ ਪੁਸਤਕ ਕਵੀਸ਼ਰੀ ਪ੍ਰਸੰਗ ਜੀਵਨ ਵਰਤਾਂਤ ਸ਼੍ਰੋਮਣੀ ਭਗਤ ਨਾਮਦੇਵ ਜੀ ਪਿਛਲੇ ਦਿਨਾਂ ਵਿੱਚ ਪਾਠਕਾਂ ਵਿੱਚ ਲੋਕ ਅਰਪਣ ਕੀਤੀ ਗਈ ਹੈ ਜੋ ਕਿ ਇੱਕ ਬਹੁਤ ਹੀ ਬੇਸ਼ਕੀਮਤੀ ਇਤਿਹਾਸਿਕ ਦਸਤਾਵੇਜ ਹੈ ਬੇਲੀ ਸਾਹਿਬ ਨੇ ਭਗਤ ਨਾਮਦੇਵ ਜੀ ਦਾ ਜੀਵਨ ਬਿਰਤਾਂਤ ਛੰਦਾ ਬੰਦੀ ਦੇ ਅਧਾਰ ਤੇ ਆਪਣੀਆਂ ਬਹੁਤ ਹੀ ਅਨਮੋਲ ਸਿਰਜਨਾਵਾਂ ਦੁਆਰਾ ਜਨਮ ਤੋਂ ਲੈ ਕੇ ਜੋਤੀ ਜੋਤ ਸੁਮਾਉਣ ਤੱਕ ਅਤੇ ਇਹਨਾਂ ਦੇ ਪੂਰੇ ਜੀਵਨ ਕਾਲ ਦੌਰਾਨ ਅਕਾਲ ਪੁਰਖ ਵਾਹਿਗੁਰੂ ਦੀ ਭਗਤੀ ਕਰਦਿਆਂ ਉਸਤਿਤ ਕਰਦਿਆਂ ਭਗਤ ਨਾਮਦੇਵ ਜੀ ਨਾਲ ਵਾਪਰੀਆਂ ਹੋਈਆਂ ਅਲੌਕਿਕ ਘਟਨਾਵਾਂ ਜਿਨਾਂ ਨੂੰ ਕੌਤਕ ਵੀ ਕਹਿ ਸਕਦੇ ਹਾਂ ਜੋ ਭਗਤ ਜੀ ਨਾਲ ਵਾਪਰੇ ਅਕਾਲ ਪੁਰਖ ਵਾਹਿਗੁਰੂ ਨੇ ਜੋ ਖੇਡਾਂ ਭਗਤ ਜੀ ਨਾਲ ਖੇਡੀਆਂ ਅਤੇ ਭਗਤ ਜੀ ਦੇ ਸੇਵਕਾਂ ਵੱਲੋਂ ਭਗਤ ਜੀ ਨੂੰ ਜੋ ਵਡਿਆਈ ਮਿਲੀ ਸਾਰੀਆਂ ਹੀ ਲੀਲਾਵਾਂ ਦਾ ਵਰਨਨ ਬੇਲੀ ਸਾਹਿਬ ਜੀ ਨੇ ਤਾਂਟੰਕ ਛੰਦ ਦਵੱਈਆ ਛੰਦ ਦੋਹਰਾ ਝੋਕ ਛੰਦ ਬੈਂਤ ਛੰਦ ਕਬਿਤ ਛੰਦ ਕੋਰੜਾ ਛੰਦ ਦੋ ਤਾਰਾ ਛੰਦ ਕਮਾਨੀਦਾਰ ਛੰਦ ਪਉੜੀ ਛੰਦ ਲਹਿਰੀਆ ਛੰਦ ਦਵੱਈਆ ਛੰਦ ਮੇਘ ਵਰਨ ਔੜਾ ਛੰਦ ਡਬਲ ਕਮਾਨੀ ਛੰਦ ਟਰਨ ਛੰਦ ਦੁਵਾਰਾ ਕੀਤਾ ਹੈ ਭਗਤ ਜੀ ਦੇ ਜੀਵਨ ਕਾਲ ਦੋਰਾਨ ਘਟੀ ਹੋਈ ਹਰ ਇੱਕ ਲੀਲਾ ਨੂੰ ਬੇਲੀ ਸਾਹਿਬ ਨੇ ਬਖੂਬੀ ਬਿਆਨ ਕਰਨ ਲਈ ਸਿਰ ਤੋੜ ਯਤਨ ਕੀਤੇ ਹਨ ਲੰਮੇ ਸਮੇਂ ਤੋਂ ਬੇਲੀ ਸਾਹਿਬ ਇਸ ਪੁਸਤਕ ਦੀ ਸਿਰਜਣਾ ਵਿੱਚ ਜੁਟੇ ਹੋਏ ਸਨ ਮਾਨਵਤਾ ਨੂੰ ਆਪਣੀਆਂ ਸਿਰਜਨਾਵਾਂ ਦੁਆਰਾ ਬੇਲੀ ਸਾਹਿਬ ਨੇ ਗੁਰਬਾਣੀ ਵਿੱਚੋਂ ਭਗਤ ਨਾਮਦੇਵ ਜੀ ਦੇ ਸ਼ਬਦਾਂ ਦੁਆਰਾ ਮਾਰਗਦਰਸ਼ਨ ਕਰਨ ਲਈ ਬਹੁਤ ਜਿਆਦਾ ਮਿਹਨਤ ਸ਼ਿੱਦਤ ਅਤੇ ਘਾਲਣਾ ਘਾਲੀ ਹੈ ਬੇਲੀ ਸਾਹਿਬ ਵਧਾਈ ਦੇ ਪਾਤਰ ਹਨ 464 ਸਫਿਆਂ ਦੀ ਇਸ ਇਤਿਹਾਸਿਕ ਖੋਜ ਭਰਪੂਰ ਪੁਸਤਕ ਨੂੰ ਪਾਠਕਾਂ ਤੱਕ ਪਹੁੰਚਾਉਣ ਤੱਕ ਬੇਲੀ ਸਾਹਿਬ ਨੇ ਜੋ ਮਿਹਨਤ ਕੀਤੀ ਹੈ ਘਾਲਣਾ ਘਾਲੀ ਹੈ ਉਸ ਦੇ ਫਲ ਸਰੂਪ ਇਹ ਪੁਸਤਕ ਪਾਠਕਾਂ ਦੀ ਨਜ਼ਰ ਵਿੱਚ ਇੱਕ ਅਨਮੋਲਕ ਹੀਰਾ ਹੋਵੇਗੀ ਜੋ ਵੀ ਇਸ ਨੂੰ ਸ਼ਰਧਾ ਪਿਆਰ ਅਤੇ ਵਿਸ਼ਵਾਸ ਨਾਲ ਪੜ੍ਹੇਗਾ ਉਹ ਭਗਤ ਨਾਮਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਤੋਂ ਵਾਂਝਾ ਨਹੀਂ ਰਹਿ ਸਕੇਗਾ ਐਸਾ ਮੇਰਾ ਵਿਸ਼ਵਾਸ ਹੈ ਵਿਸ਼ਵ ਸਾਹਿਤਿਕ ਸਿਤਾਰੇ ਮੰਚ ਤਰਨ ਤਾਰਨ ਪੰਜਾਬ ਵੱਲੋਂ ਬੇਲੀ ਸਾਹਿਬ ਦਾ ਕੋਟਿ ਕੋਟਿ ਧੰਨਵਾਦ ਕਰਦਾ ਹੋਇਆ ਬੇਲੀ ਸਾਹਿਬ ਨੂੰ ਸਨਿਮਰ ਬੇਨਤੀ ਕਰਾਂਗਾ ਕਿ ਇਸ ਪੁਸਤਕ ਨੂੰ ਪੰਜਾਬੀ ਮਾਂ ਬੋਲੀ ਦੇ ਅਲੰਬਰਦਾਰਾਂ ਤੱਕ ਪੁੱਜਦਾ ਕਰਨ ਲਈ ਬੇਲੀ ਸਾਹਿਬ ਸਿਰ ਤੋੜ ਯਤਨ ਕਰਨ ਪੰਜਾਬ ਦੇ ਹਰ ਇੱਕ ਸਕੂਲ ਕਾਲਜ ਅਤੇ ਲਾਇਬਰੇਰੀਆਂ ਵਿੱਚ ਇਸ ਪੁਸਤਕ ਨੂੰ ਲੈ ਕੇ ਜਾਣਾ ਹੁਣ ਬੇਲੀ ਸਾਹਿਬ ਦਾ ਮੁੱਖ ਮੰਤਵ ਹੋਣਾ ਚਾਹੀਦਾ ਹੈ ਤਾਂ ਕਿ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਹਰ ਇੱਕ ਬੁੱਧੀਜੀਵੀ ਲੇਖਕ ਪਾਠਕ ਇਸ ਕਿਤਾਬ ਨੂੰ ਪੜ੍ਹ ਕੇ ਇਸ ਵਿੱਚੋਂ ਸਾਡਾ ਮਾਰਗਦਰਸ਼ਨ ਕਰਦੀ ਹੋਈ ਜਾਣਕਾਰੀ ਨੂੰ ਪ੍ਰਾਪਤ ਕਰਕੇ ਲਾਹਾ ਪ੍ਰਾਪਤ ਕਰ ਸਕਣ ਬੇਲੀ ਸਾਹਿਬ ਦੀ ਕਲਮ ਨੂੰ ਸਲਾਮ ਕਰਦੇ ਹਾਂ ਬੇਲੀ ਸਾਹਿਬ ਦੀ ਮਿਹਨਤ ਸ਼ਿੱਦਤ ਨੂੰ ਸਲਾਮ ਕਰਦੇ ਹਾਂ ਬੇਲੀ ਸਾਹਿਬ ਦੀ ਹੋਰ ਜ਼ਿਆਦਾ ਤਾਰੀਫ ਲਿਖਣ ਲਈ ਅਲਫਾਜ਼ ਢੂੰਡ ਰਿਹਾ ਹਾਂ ਇੱਕ ਸ਼ਰਧਾ ਮਨ ਵਿੱਚ ਉਤਪੰਨ ਹੋਈ ਹੈ ਇਸ ਸ਼ਾਨਦਾਰ ਬੇਸ਼ਕੀਮਤੀ ਪੁਸਤਕ ਲਈ ਬੇਲੀ ਸਾਹਿਬ ਨੂੰ ਬੀਠਲ ਭਗਤ ਪੁਰਸਕਾਰ ਵਿਸ਼ਵ ਸਾਹਿਤਿਕ ਸਿਤਾਰੇ ਮੰਚ ਤਰਨ ਤਰਨ ਪੰਜਾਬ ਵੱਲੋਂ ਪ੍ਰਦਾਨ ਕੀਤਾ ਜਾ ਰਿਹਾ ਹੈ ਅਕਾਲ ਪੁਰਖ ਵਾਹਿਗੁਰੂ ਦੇ ਪਵਿੱਤਰ ਪਾਵਨ ਚਰਨਾਂ ਵਿੱਚ ਬੰਦਨਾ ਕਰਦੇ ਹਾਂ ਕਿ ਅਕਾਲ ਪੁਰਖ ਵਾਹਿਗੁਰੂ ਸਤਿਕਾਰਯੋਗ ਬੇਲੀ ਸਾਹਿਬ ਨੂੰ ਸੇਹਿਤਯਾਬ ਜਿੰਦਗੀ ਬਖਸ਼ਿਸ਼ ਕਰਨ ਬੇਲੀ ਸਾਹਿਬ ਇਸੇ ਤਰ੍ਹਾਂ ਇਤਿਹਾਸਿਕ ਖੋਜਾਂ ਕਰਕੇ ਅਨਮੋਲ ਜਾਣਕਾਰੀ ਪਾਠਕਾਂ ਨੂੰ ਪ੍ਰਦਾਨ ਕਰਦੇ ਰਹਿਣ ਸਾਡੀਆਂ ਸ਼ੁਭ ਇੱਛਾਵਾਂ ਹਰ ਵਕਤ ਬੇਲੀ ਸਾਹਿਬ ਦੇ ਨਾਲ ਹਨ ਬੇਲੀ ਸਾਹਿਬ ਸਾਡੇ ਰਾਹ ਦਸੇਰਾ ਹਨ ਮੈਂ ਬੇਲੀ ਸਾਹਿਬ ਅਤੇ ਇਹਨਾਂ ਦੀਆਂ ਰਚਨਾਵਾਂ ਨਾਲ ਪਿਆਰ ਕਰਦਾ ਹਾਂ ਬੇਲੀ ਸਾਹਿਬ ਮੇਰੇ ਆਦਰਸ਼ ਹਨ ਮੇਰੇ ਦਿਲ ਦੀ ਧੜਕਨ ਹਨ ਬੁਧੀਜੀਵੀ ਲੇਖਕ ਪਾਠਕਾਂ ਨੂੰ ਬੇਨਤੀ ਕਰਦਾ ਹਾਂ ਕਿ ਬੇਲੀ ਸਾਹਿਬ ਦੀ ਇਸ ਪੁਸਤਕ ਨੂੰ ਸ਼ਰਧਾ ਪੂਰਵਕ ਪੱੜ੍ਹ ਕੇ ਇਸ ਵਿੱਚੋ ਲਾਹਾ ਲੈਣ ਦੀ ਕੋਸ਼ਿਸ਼ ਜਰੂਰ ਕਰਿਓ ਜੀ ਪੁਸਤਕ ਨੂੰ ਪੱੜ੍ਹ ਕੇ ਲੇਖਕ ਨੂੰ ਪੁਸਤਕ ਬਾਰੇ ਰਿਵਿਊ ਦੇਣਾ ਲੇਖਕ ਲਈ ਸਭ ਤੋਂ ਵੱਡਾ ਮਾਨ ਸਤਿਕਾਰ ਅਤੇ ਪੁਰਸਕਾਰ ਹੁੰਦਾ ਹੈ ਆਸ ਕਰਦਾ ਹਾਂ ਕਿ ਬੇਲੀ ਸਾਹਿਬ ਆਪਣੇ ਪਾਠਕਾਂ ਕੋਲੋਂ ਬਹੁਤ ਸਾਰਾ ਪਿਆਰ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਣਗੇ ਕਵਿਤਾ ਕਹਾਣੀ ਗਜ਼ਲ ਗੀਤ ਅੱਜ ਦੇ ਲੇਖਕ ਲਿਖ ਰਹੇ ਹਨ ਲੇਕਿਨ ਗੁਰੂਆਂ ਦੇ ਭਗਤਾਂ ਦੇ ਜੀਵਨ ਬਾਰੇ ਇਤਿਹਾਸਿਕ ਖੋਜ ਕਰਕੇ ਲਿਖਣਾ ਬਹੁਤ ਮੁਸ਼ਕਿਲ ਹੈ ਬੇਲੀ ਸਾਹਿਬ ਦੀ ਘਾਲਣਾ ਨੂੰ ਇੱਕ ਵਾਰ ਫਿਰ ਤੋਂ ਸਲਾਮ ਕਰਦੇ ਹਾਂ ਬੇਲੀ ਸਾਹਿਬ ਹਮੇਸ਼ਾ ਚੱੜ੍ਹਦੀ ਕਲਾ ਵਿੱਚ ਰਹਿਣ ਇਸ ਪੁਸਤਕ ਨੂੰ ਲਿਖ ਕੇ ਬੇਲੀ ਸਾਹਿਬ ਨੇ ਪੰਥਕ ਕਵੀ ਅਤੇ ਕਵੀਸ਼ਰ ਹੋਣ ਦਾ ਮਾਣ ਵੀ ਪ੍ਰਾਪਤ ਕਰ ਲਿਆ ਹੈ ਇਹ ਪੁਸਤਕ ਬੇਲੀ ਸਾਹਿਬ ਦੀ ਆਪਣੀ ਜੀਵਨ ਕਾਲ ਦੌਰਾਨ ਸਭ ਤੋਂ ਵੱਡੀ ਪ੍ਰਾਪਤੀ ਹੋਵੇਗੀ ਵਿਸ਼ਵ ਸਾਹਿਤਿਕ ਸਿਤਾਰੇ ਮੰਚ ਤਰਨ ਤਰਨ ਪੰਜਾਬ ਵੱਲੋਂ ਢੇਰ ਸਾਰੀਆਂ ਸ਼ੁਭ ਇਛਾਵਾਂ ਬੇਲੀ ਸਾਹਿਬ ਨੂੰ ਇੱਕ ਵਾਰ ਫਿਰ ਤੋਂ ਅਰਪਿਤ ਕਰਦੇ ਹਾਂ

ਲੇਖਕ : ਹਰਭਜਨ ਸਿੰਘ ਭਗਰੱਥ,
ਵਿਸ਼ਵ ਸਿਤਾਰੇ ਮੰਚ,ਤਰਨ ਤਾਰਨ।
ਮੋਬਾਇਲ : 9779976307

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਸੀਰੀਜ਼ ਭਾਗ-1: ਆਓ, ਆਪਣੇ ਮਨ ਦਾ ਹਾਲ ਸੁਣੀਏ (Mental Health)



ਅਸੀਂ ਇਨਸਾਨ ਵੀ ਬੜੇ ਅਜੀਬ ਹਾਂ, ਸਰੀਰ ਦੇ ਨਿੱਕੇ ਜਿਹੇ ਦਰਦ ਲਈ ਵੀ ਝੱਟ ਡਾਕਟਰ ਵੱਲ ਭੱਜਦੇ ਹਾਂ। ਉਂਗਲ 'ਤੇ ਨਿੱਕੀ ਜਿਹੀ ਸੱਟ ਲੱਗੇ ਤਾਂ ਅਸੀਂ ਮਲ੍ਹਮ-ਪੱਟੀ ਕਰਦੇ ਹਾਂ, ਥੋੜ੍ਹਾ ਜਿਹਾ ਬੁਖਾਰ ਹੋਵੇ ਤਾਂ ਕੰਮ-ਕਾਰ ਛੱਡ ਕੇ ਬਿਸਤਰੇ 'ਤੇ ਪੈ ਜਾਂਦੇ ਹਾਂ। ਪਰ ਕਦੇ ਠੰਢੇ ਦਿਮਾਗ ਨਾਲ ਸੋਚਿਆ ਹੈ ਕਿ ਜੋ 'ਮਨ' ਸਾਡੇ ਸਰੀਰ ਨੂੰ ਚਲਾਉਂਦਾ ਹੈ, ਅਸੀਂ ਉਸਨੂੰ ਕਿੰਨਾ ਅਣਗੌਲਿਆ ਕਰਦੇ ਹਾਂ? ਜਦੋਂ ਮਨ ਦੁਖਦਾ ਹੈ, ਜਦੋਂ ਰੂਹ ਥੱਕਦੀ ਹੈ, ਤਾਂ ਅਸੀਂ ਕਿਸੇ ਡਾਕਟਰ ਕੋਲ ਨਹੀਂ ਜਾਂਦੇ, ਸਗੋਂ ਉਸ ਦਰਦ ਨੂੰ ਇੱਕ ਝੂਠੀ ਮੁਸਕੁਰਾਹਟ ਦੇ ਪਰਦੇ ਪਿੱਛੇ ਲੁਕਾ ਲੈਂਦੇ ਹਾਂ। ਸਾਡੇ ਸਮਾਜ ਦੀ ਸਭ ਤੋਂ ਵੱਡੀ ਤਰਾਸਦੀ ਹੀ ਇਹ ਹੈ ਕਿ ਸਾਨੂੰ ਡਰ ਲੱਗਦਾ ਹੈ—ਜੇ ਅਸੀਂ ਕਿਹਾ "ਮੈਂ ਅੰਦਰੋਂ ਠੀਕ ਮਹਿਸੂਸ ਨਹੀਂ ਕਰ ਰਿਹਾ", ਤਾਂ ਲੋਕ ਕੀ ਕਹਿਣਗੇ? ਲੋਕ ਕਹਿਣਗੇ ਇਹ ਕਮਜ਼ੋਰ ਹੈ, ਡਰਾਕਲ ਹੈ ਜਾਂ ਸ਼ਾਇਦ 'ਪਾਗਲ' ਹੈ। ਬੱਸ ਇਸੇ "ਲੋਕ-ਲਾਜ" ਦੇ ਡਰ ਨੇ ਸਾਡੇ ਅੰਦਰ ਬਹੁਤ ਕੁਝ ਦੱਬ ਦਿੱਤਾ ਹੈ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਮਾਨਸਿਕ ਸਿਹਤ ਦਾ ਮਤਲਬ ਕੋਈ 'ਦਿਮਾਗੀ ਬਿਮਾਰੀ' ਨਹੀਂ ਹੁੰਦਾ, ਇਸਦਾ ਸਿੱਧਾ ਤੇ ਸਾਦਾ ਮਤਲਬ ਹੈ— 'ਅੰਦਰੋਂ ਖੁਸ਼ ਤੇ ਸ਼ਾਂਤ ਹੋਣਾ'।

ਅਸਲ ਵਿੱਚ, ਸਾਡੀ ਮਾਨਸਿਕ ਸਿਹਤ ਸਾਡੇ ਰੋਜ਼ ਦੇ ਅਹਿਸਾਸਾਂ ਤੇ ਸੋਚਾਂ ਦਾ ਹੀ ਇੱਕ ਤਾਨਾ-ਬਾਨਾ ਹੈ। ਇਹ ਰਾਤੋ-ਰਾਤ ਖਰਾਬ ਨਹੀਂ ਹੁੰਦੀ, ਸਗੋਂ ਸਾਡੀਆਂ ਕੁਝ ਆਦਤਾਂ ਤੇ ਹਾਲਾਤ ਇਸਨੂੰ ਹੌਲੀ-ਹੌਲੀ ਖੋਖਲਾ ਕਰਦੇ ਹਨ। ਸਭ ਤੋਂ ਵੱਡੀ ਸਮੱਸਿਆ ਸਾਡੀ 'ਬੇਲੋੜੀ ਸੋਚ' (Overthinking) ਹੈ। ਕਈ ਵਾਰ ਸਾਡਾ ਦਿਮਾਗ ਇੱਕ ਪੁਰਾਣੇ ਟੇਪ-ਰਿਕਾਰਡਰ ਵਾਂਗ ਬਣ ਜਾਂਦਾ ਹੈ। ਇੱਕ ਨਿੱਕੀ ਜਿਹੀ ਗੱਲ ਨੂੰ ਅਸੀਂ ਏਨਾ ਸੋਚਦੇ ਹਾਂ, ਏਨਾ ਘੋਖਦੇ ਹਾਂ ਕਿ ਉਹ ਰਾਈ ਤੋਂ ਪਹਾੜ ਬਣ ਜਾਂਦੀ ਹੈ। "ਉਸਨੇ ਮੈਨੂੰ ਇੰਝ ਕਿਉਂ ਕਿਹਾ?", "ਜੇ ਇਹ ਕੰਮ ਵਿਗੜ ਗਿਆ ਤਾਂ ਕੀ ਬਣੂ?"—ਇਹੋ ਜਿਹੇ ਸਵਾਲ ਸਾਡੀ ਸਾਰੀ ਊਰਜਾ ਪੀ ਜਾਂਦੇ ਨੇ। ਇਸਦੇ ਨਾਲ ਹੀ ਅੱਜਕੱਲ੍ਹ ਇੱਕ ਹੋਰ ਬਿਮਾਰੀ ਲੱਗ ਗਈ ਹੈ— 'ਦੂਜਿਆਂ ਨਾਲ ਤੁਲਨਾ ਕਰਨ ਦੀ'। ਅਸੀਂ ਆਪਣੀ ਅਸਲ ਜ਼ਿੰਦਗੀ ਨੂੰ ਦੂਜਿਆਂ ਦੀ ਸੋਸ਼ਲ ਮੀਡੀਆ ਵਾਲੀ 'ਦਿਖਾਵੇ ਦੀ ਜ਼ਿੰਦਗੀ' ਨਾਲ ਮਿਲਾ ਕੇ ਦੇਖਦੇ ਹਾਂ। "ਫਲਾਣਾ ਕਿੰਨਾ ਖੁਸ਼ ਹੈ, ਮੈਂ ਕਿਉਂ ਨਹੀਂ?"—ਇਹ ਸਾੜਾ ਤੇ ਹੀਣ-ਭਾਵਨਾ ਸਾਡੇ ਮਨ ਨੂੰ ਸਿਉਂਕ ਵਾਂਗ ਖਾ ਜਾਂਦੀ ਹੈ।ਇੱਕ ਹੋਰ ਗੱਲ ਜੋ ਸਾਡੇ ਮਨ ਨੂੰ ਬਿਮਾਰ ਕਰਦੀ ਹੈ, ਉਹ ਹੈ 'ਜਜ਼ਬਾਤਾਂ ਨੂੰ ਦੱਬਣਾ'। ਜਦੋਂ ਅਸੀਂ ਗੁੱਸਾ, ਦੁੱਖ ਜਾਂ ਰੋਣਾ ਅੰਦਰੋ-ਅੰਦਰ ਪੀਂਦੇ ਰਹਿੰਦੇ ਹਾਂ, ਤਾਂ ਸਾਡਾ ਮਨ ਇੱਕ 'ਪ੍ਰੈਸ਼ਰ ਕੁੱਕਰ' ਵਾਂਗ ਬਣ ਜਾਂਦਾ ਹੈ। ਜੇ ਸੀਟੀ ਰਾਹੀਂ ਭਾਫ਼ ਬਾਹਰ ਨਾ ਨਿਕਲੇ, ਤਾਂ ਅੰਦਰ ਧਮਾਕਾ ਹੋਣਾ ਤੈਅ ਹੈ। ਇਹੋ ਧਮਾਕਾ ਫਿਰ ਚਿੜਚਿੜੇਪਨ, ਬੇਚੈਨੀ ਜਾਂ ਡਿਪਰੈਸ਼ਨ ਦੇ ਰੂਪ ਵਿੱਚ ਬਾਹਰ ਆਉਂਦਾ ਹੈ। ਜਦੋਂ ਮਨ ਥੱਕਿਆ ਹੁੰਦਾ ਹੈ, ਤਾਂ ਇਹ ਸਾਨੂੰ ਇਸ਼ਾਰੇ ਦਿੰਦਾ ਹੈ। ਨਿੱਕੀ-ਨਿੱਕੀ ਗੱਲ 'ਤੇ ਖਿਝ ਆਉਣੀ, ਰਾਤ ਨੂੰ ਨੀਂਦ ਨਾ ਆਉਣੀ ਜਾਂ ਬਹੁਤ ਜ਼ਿਆਦਾ ਆਉਣੀ, ਭੀੜ ਵਿੱਚ ਵੀ ਇਕੱਲਾ ਮਹਿਸੂਸ ਕਰਨਾ, ਅਤੇ ਬਿਨਾਂ ਵਜ੍ਹਾ ਦਿਲ ਦਾ ਭਾਰੀ ਹੋਣਾ। ਇਹ ਸਭ ਇਸ ਗੱਲ ਦਾ ਸਬੂਤ ਨੇ ਕਿ ਤੁਹਾਡੀ ਰੂਹ ਆਵਾਜ਼ਾਂ ਮਾਰ ਰਹੀ ਹੈ— "ਮੈਨੂੰ ਵੀ ਤੇਰੇ ਵਕਤ ਦੀ ਲੋੜ ਹੈ, ਮੈਨੂੰ ਵੀ ਸਾਂਭ ਲੈ।"

ਹੁਣ ਸਵਾਲ ਇਹ ਹੈ ਕਿ ਕੀਤਾ ਕੀ ਜਾਵੇ? ਜਵਾਬ ਬਹੁਤ ਸਾਦਾ ਹੈ— 'ਖੁਦ ਨਾਲ ਦੋਸਤੀ'। ਆਓ, ਅੱਜ ਇੱਕ ਵਾਅਦਾ ਕਰੀਏ। ਅਸੀਂ ਜਿਵੇਂ ਆਪਣੇ ਸਰੀਰ ਨੂੰ ਚੰਗੀ ਖੁਰਾਕ ਦਿੰਦੇ ਹਾਂ, ਓਵੇਂ ਹੀ ਆਪਣੇ ਮਨ ਨੂੰ ਚੰਗੇ ਵਿਚਾਰਾਂ ਤੇ ਸਕੂਨ ਦੀ ਖੁਰਾਕ ਦੇਵਾਂਗੇ। ਜੇ ਮਨ ਭਾਰੀ ਹੈ, ਤਾਂ ਕਿਸੇ ਭਰੋਸੇਮੰਦ ਦੋਸਤ ਜਾਂ ਪਰਿਵਾਰ ਦੇ ਜੀਅ ਨਾਲ ਗੱਲ ਸਾਂਝੀ ਕਰੋ। ਜੇ ਰੋਣਾ ਆਉਂਦਾ ਹੈ ਤਾਂ ਰੋ ਲਵੋ, ਹੰਝੂ ਮਨ ਦੀ ਮੈਲ ਧੋ ਦਿੰਦੇ ਨੇ। ਹਰ ਕਿਸੇ ਨੂੰ ਖੁਸ਼ ਕਰਨ ਦੇ ਚੱਕਰ ਵਿੱਚ ਆਪਣਾ ਸਕੂਨ ਬਰਬਾਦ ਨਾ ਕਰੋ, ਜਿੱਥੇ ਲੋੜ ਹੋਵੇ ਉੱਥੇ "ਨਾਂਹ" ਕਹਿਣਾ ਸਿੱਖੋ। ਮੋਬਾਈਲ ਛੱਡ ਕੇ ਕਦੇ ਕੁਦਰਤ ਦੀ ਗੋਦ ਵਿੱਚ ਬੈਠੋ, ਹਵਾ ਨੂੰ ਮਹਿਸੂਸ ਕਰੋ।

ਯਾਦ ਰੱਖਿਓ, ਅਸੀਂ ਇਨਸਾਨ ਹਾਂ, ਕੋਈ ਮਸ਼ੀਨਾਂ ਨਹੀਂ। ਥੱਕ ਜਾਣਾ, ਡਿੱਗ ਜਾਣਾ ਜਾਂ ਉਦਾਸ ਹੋਣਾ ਕੋਈ ਗੁਨਾਹ ਨਹੀਂ ਹੈ। ਗੁਨਾਹ ਇਹ ਹੈ ਕਿ ਅਸੀਂ ਖੁਦ ਨੂੰ ਸੰਭਾਲਣ ਦੀ ਬਜਾਏ ਟੁੱਟਣ ਦੇਈਏ। ਜੇ ਤੁਹਾਡਾ ਮਨ ਤੰਦਰੁਸਤ ਹੈ, ਤਾਂ ਹੀ ਇਹ ਦੁਨੀਆ ਰੰਗੀਨ ਹੈ, ਨਹੀਂ ਤਾਂ ਮੇਲੇ ਵੀ ਸੁੰਨੇ ਲੱਗਦੇ ਨੇ। ਇਸ ਲੜੀ ਦੇ ਜ਼ਰੀਏ ਅਸੀਂ ਮਨ ਦੀਆਂ ਪਰਤਾਂ ਨੂੰ ਹੌਲੀ-ਹੌਲੀ ਖੋਲ੍ਹਾਂਗੇ, ਕਿਉਂਕਿ ਤੁਹਾਡਾ ਹੱਸਦਾ ਚਿਹਰਾ ਹੀ ਤੁਹਾਡੀ ਤੇ ਤੁਹਾਡੇ ਪਰਿਵਾਰ ਦੀ ਅਸਲ ਦੌਲਤ ਹੈ।

ਲੇਖਕ ਵੱਲੋਂ: ਇਹ ਮਾਨਸਿਕ ਸਿਹਤ ਜਾਗਰੂਕਤਾ ਲੜੀ ਦਾ ਪਹਿਲਾ ਹਿੱਸਾ ਹੈ। ਅਗਲੇ ਹਿੱਸੇ ਵਿੱਚ ਅਸੀਂ ਗੱਲ ਕਰਾਂਗੇ 'ਬੇਲੋੜੀ ਸੋਚ (Overthinking)' ਬਾਰੇ—ਕਿ ਦਿਮਾਗ ਵਿੱਚ ਚੱਲਦੇ ਸ਼ੋਰ ਨੂੰ ਕਿਵੇਂ ਸ਼ਾਂਤ ਕੀਤਾ ਜਾਵੇ

ਸਨਦੀਪ ਸਿੱਧੂ - 9463661542

## ਪੰਜਾਬ ਸਰਕਾਰ ਨੇ ਤਿੰਨ ਪਵਿੱਤਰ ਸਿੱਖ ਅਸਥਾਨਾਂ ਨੂੰ ਅਧਿਕਾਰਤ ਤੌਰ 'ਤੇ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਲਈ ਨੋਟੀਫਿਕੇਸ਼ਨ ਜਾਰੀ ਕੀਤੀ ਹੈ।



ਜਾਬ ਸਰਕਾਰ ਨੇ ਤਿੰਨ ਪਵਿੱਤਰ ਸਿੱਖ ਅਸਥਾਨਾਂ ਨੂੰ ਅਧਿਕਾਰਤ ਤੌਰ 'ਤੇ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਲਈ ਨੋਟੀਫਿਕੇਸ਼ਨ ਜਾਰੀ ਕੀਤੀ ਹੈ। ਇਹ ਫੈਸਲਾ 21 ਦਸੰਬਰ 2025 ਨੂੰ ਜਾਰੀ ਕੀਤਾ ਗਿਆ, ਜੋ ਪਹਿਲਾਂ 15 ਦਸੰਬਰ ਨੂੰ ਗਵਰਨਰ ਵੱਲੋਂ ਮਨਜ਼ੂਰ ਹੋਇਆ ਸੀ। ਇਨ੍ਹਾਂ ਤਿੰਨ ਸ਼ਹਿਰਾਂ ਵਿੱਚ ਅੰਮ੍ਰਿਤਸਰ ਸਾਹਿਬ (ਵਾਲਡ ਸਿਟੀ ਜਾਂ ਗਲਿਆਰਾ ਖੇਤਰ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ), ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ (ਸ੍ਰੀ ਦਮਦਮਾ ਸਾਹਿਬ) ਸ਼ਾਮਲ ਹਨ। ਇਹ ਤਿੰਨਾਂ ਸ਼ਹਿਰਾਂ ਵਿੱਚ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਤਿੰਨ ਤਖ਼ਤ ਸਥਿਤ ਹਨ – ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ)।ਇਹ ਐਲਾਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਦੌਰਾਨ ਕੀਤਾ ਗਿਆ ਸੀ, ਜੋ ਸ੍ਰੀ ਅਨੰਦਪੁਰ ਸਾਹਿਬ ਵਿੱਚ ਹੋਇਆ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨੂੰ ਸਿੱਖ ਸੰਗਤ ਦੀ ਲੰਮੇ ਸਮੇਂ ਤੋਂ ਚੱਲੀ ਮੰਗ ਪੂਰੀ ਕਰਨ ਵਾਲਾ ਫੈਸਲਾ ਦੱਸਿਆ। ਉਨ੍ਹਾਂ ਕਿਹਾ ਕਿ ਇਹ ਫੈਸਲਾ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ ਅਤੇ ਹੁਣ ਇਨ੍ਹਾਂ ਸ਼ਹਿਰਾਂ ਦੇ ਵਿਕਾਸ ਲਈ ਪੂਰਾ ਯਤਨ ਕੀਤਾ ਜਾਵੇਗਾ। ਸੰਗਤਾਂ ਲਈ ਈ-ਰਿਕਸ਼ਾ, ਮਿੰਨੀ ਬੱਸਾਂ, ਸ਼ਟਲ ਸੇਵਾਵਾਂ ਵਰਗੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਜੋ ਕੋਈ ਅਸੁਵਿਧਾ ਨਾ ਹੋਵੇ।ਪਵਿੱਤਰ ਸ਼ਹਿਰ ਦਾ ਦਰਜਾ ਮਿਲਣ ਨਾਲ ਇਨ੍ਹਾਂ ਖੇਤਰਾਂ ਵਿੱਚ ਮਾਸ, ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਿਕਰੀ ਅਤੇ ਵਰਤੋਂ 'ਤੇ ਪੂਰਨ ਪਾਬੰਦੀ ਲੱਗ ਜਾਵੇਗੀ। ਇਸ ਨਾਲ ਧਾਰਮਿਕ ਸ਼ੁੱਧਤਾ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਿਆ ਜਾਵੇਗਾ। ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਇਨ੍ਹਾਂ ਪਾਬੰਦੀਆਂ ਨੂੰ ਸਖ਼ਤੀ ਨਾਲ ਲਾਗੂ ਕਰਨ। ਇਸ ਤੋਂ ਇਲਾਵਾ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਗਤੀਵਿਧੀਆਂ, ਪੋਸਟਰ ਜਾਂ ਸਮਾਗਮਾਂ 'ਤੇ ਵੀ ਰੋਕ ਲੱਗੇਗੀ। ਸਫਾਈ, ਭੀੜ ਪ੍ਰਬੰਧਨ ਅਤੇ ਆਵਾਜਾਈ ਨੂੰ ਬਿਹਤਰ ਬਣਾਉਣ ਲਈ ਵਿਸ਼ੇਸ਼ ਯੋਜਨਾਵਾਂ ਬਣਾਈਆਂ ਜਾਣਗੀਆਂ।ਸ੍ਰੀ ਅਨੰਦਪੁਰ ਸਾਹਿਬ ਨੂੰ ਹੈਰੀਟੇਜ ਸਟ੍ਰੀਟ ਸ਼ਹਿਰ ਵਜੋਂ ਵਿਕਸਿਤ ਕੀਤਾ ਜਾਵੇਗਾ। ਇਹ ਸ਼ਹਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜੇ ਹਨ ਅਤੇ ਖਾਲਸਾ ਪੰਥ ਦੀ ਸਿਰਜਣਾ ਦਾ ਸਥਾਨ ਹੈ। ਤਲਵੰਡੀ ਸਾਬੋ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਦਮਦਮਾ ਕੀਤਾ ਸੀ। ਅੰਮ੍ਰਿਤਸਰ ਤਾਂ ਸਿੱਖ ਧਰਮ ਦਾ ਕੇਂਦਰੀ ਸਥਾਨ ਹੈ, ਜਿੱਥੇ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਥਿਤ ਹਨ।

# ਪਾਕਿਸਤਾਨ ਨੇ ਅੰਡਰ-19 ਏਸ਼ੀਆ ਕੱਪ 2025 ਦਾ ਖਿਤਾਬ ਜਿੱਤ ਲਿਆ

| ਨਵੀਂ ਦਿੱਲੀ 21 ਦਸੰਬਰ (ਰਵਨੀਤ ਲਾਂਬਾ)

ਦੁਬਈ ਵਿੱਚ ਖੇਡੇ ਗਏ ਅੰਡਰ-19 ਏਸ਼ੀਆ ਕੱਪ ਦੇ ਫਾਈਨਲ ਮੈਚ ਵਿੱਚ ਪਾਕਿਸਤਾਨ ਨੇ ਭਾਰਤ ਨੂੰ 191 ਦੌੜਾਂ ਨਾਲ ਹਰਾ ਕੇ ਖਿਤਾਬ ਆਪਣੇ ਨਾਂ ਕਰ ਲਿਆ। ਇਹ ਪਾਕਿਸਤਾਨ ਦੀ ਦੂਜੀ ਵਾਰ ਇਸ ਟੂਰਨਾਮੈਂਟ ਵਿੱਚ ਜਿੱਤ ਹੈ। ਪਹਿਲੀ ਵਾਰ ਉਹ 2012 ਵਿੱਚ ਚੈਂਪੀਅਨ ਬਣੇ ਸਨ, ਜਦਕਿ 2013 ਵਿੱਚ ਭਾਰਤ ਨਾਲ ਸਾਂਝਾ ਖਿਤਾਬ ਜਿੱਤਿਆ ਸੀ। ਇਸ ਵਾਰ ਪਾਕਿਸਤਾਨ ਨੇ ਪੂਰੀ ਤਰ੍ਹਾਂ ਦਬਦਬਾ ਬਣਾਇਆ ਅਤੇ ਭਾਰਤ ਨੂੰ ਇੱਕ ਵੱਡੀ ਹਾਰ ਦਿੱਤੀ।ਮੈਚ ਦੀ ਸ਼ੁਰੂਆਤ ਟਾਸ ਨਾਲ ਹੋਈ। ਭਾਰਤੀ ਕਪਤਾਨ ਆਯੁਸ਼ ਮਹਾਤਰੇ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਚੁਣੀ। ਉਨ੍ਹਾਂ ਨੂੰ ਉਮੀਦ ਸੀ ਕਿ ਸਵੇਰ ਦੀ ਨਮੀ ਕਾਰਨ ਗੇਂਦਬਾਜ਼ਾਂ ਨੂੰ ਮਦਦ ਮਿਲੇਗੀ, ਪਰ ਪਾਕਿਸਤਾਨੀ ਬੱਲੇਬਾਜ਼ਾਂ ਨੇ ਇਸ ਫੈਸਲੇ ਨੂੰ ਗਲਤ ਸਾਬਤ ਕਰ ਦਿੱਤਾ। ਪਾਕਿਸਤਾਨ ਨੇ 50 ਓਵਰਾਂ ਵਿੱਚ 8 ਵਿਕਟਾਂ ਗੁਆ ਕੇ 347 ਦੌੜਾਂ ਬਣਾਈਆਂ। ਇਹ ਸਕੋਰ ਅੰਡਰ-19 ਏਸ਼ੀਆ ਕੱਪ ਦੇ ਫਾਈਨਲ ਵਿੱਚ ਸਭ ਤੋਂ ਵੱਡਾ ਸਕੋਰ ਬਣ ਗਿਆ।

ਪਾਕਿਸਤਾਨ ਦੀ ਪਾਰੀ ਦਾ ਮੁੱਖ ਹੀਰੋ ਸਮੀਰ ਮਿਨਹਾਸ ਰਿਹਾ। ਉਸ ਨੇ 113 ਗੇਂਦਾਂ ਵਿੱਚ 172 ਦੌੜਾਂ ਬਣਾਈਆਂ। ਇਹ ਪਾਰੀ ਬਹੁਤ ਹੀ ਆਕਰਸ਼ਕ ਸੀ। ਸਮੀਰ ਨੇ ਆਪਣੀ ਪਾਰੀ ਵਿੱਚ ਕਈ ਵੱਡੇ ਸ਼ਾਟ ਖੇਡੇ ਅਤੇ ਭਾਰਤੀ ਗੇਂਦਬਾਜ਼ਾਂ ਨੂੰ ਪੂਰੀ ਤਰ੍ਹਾਂ ਬੇਬਸ ਕਰ ਦਿੱਤਾ। ਉਸ ਨੇ ਟੂਰਨਾਮੈਂਟ ਵਿੱਚ ਵੀ ਸਭ ਤੋਂ ਵੱਧ ਦੌੜਾਂ ਬਣਾਈਆਂ ਅਤੇ ਪਲੇਅਰ ਆਫ਼ ਦੀ ਸੀਰੀਜ਼ ਅਤੇ ਪਲੇਅਰ ਆਫ਼ ਦੀ ਮੈਚ ਦੋਵੇਂ ਅਵਾਰਡ ਜਿੱਤੇ। ਅਹਿਮਦ ਹੁਸੈਨ ਨੇ 56 ਦੌੜਾਂ ਦਾ ਯੋਗਦਾਨ ਦਿੱਤਾ, ਜਿਸ ਨਾਲ ਸਮੀਰ ਨੂੰ ਚੰਗਾ ਸਾਥ ਮਿਲਿਆ।ਭਾਰਤ ਵੱਲੋਂ ਗੇਂਦਬਾਜ਼ੀ ਵਿੱਚ ਦੀਪੇਸ਼ ਦੇਵੇਂਦਰਨ ਨੇ ਸਭ ਤੋਂ ਵੱਧ 3 ਵਿਕਟਾਂ ਲਈਆਂ। ਖਿਲਨ ਪਟੇਲ ਅਤੇ ਹੇਨਿਲ ਪਟੇਲ ਨੇ 2-2 ਵਿਕਟਾਂ ਲਈਆਂ, ਜਦਕਿ ਕਨਿਸ਼ਕ ਚੌਹਾਨ ਨੇ ਇੱਕ ਵਿਕਟ ਹਾਸਲ ਕੀਤੀ। ਪਰ ਭਾਰਤੀ ਗੇਂਦਬਾਜ਼ ਲਾਈਨ ਅਤੇ ਲੈਂਥ ਵਿੱਚ ਸੰਤੁਲਨ ਨਹੀਂ ਬਣਾ ਸਕੇ ਅਤੇ ਪਾਕਿਸਤਾਨ ਨੂੰ ਵੱਡਾ ਸਕੋਰ ਬਣਾਉਣ ਦਾ ਮੌਕਾ ਦਿੱਤਾ।348 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ

## ਦੁਬਈ ਵਿੱਚ ਖੇਡੇ ਗਏ ਅੰਡਰ-19 ਏਸ਼ੀਆ ਕੱਪ ਦੇ ਫਾਈਨਲ ਮੈਚ ਵਿੱਚ




ਕਰਨ ਉਤਰੀ ਭਾਰਤੀ ਟੀਮ ਦੀ ਸ਼ੁਰੂਆਤ ਚੰਗੀ ਰਹੀ। ਓਪਨਰ ਵੈਭਵ ਸੂਰਿਆਵੰਸ਼ੀ ਨੇ ਕੁਝ ਚੰਗੇ ਸ਼ਾਟ ਖੇਡੇ ਅਤੇ 26 ਦੌੜਾਂ ਬਣਾਈਆਂ, ਪਰ ਜਲਦੀ ਆਊਟ ਹੋ ਗਿਆ। ਕਪਤਾਨ ਆਯੁਸ਼ ਮਹਾਤਰੇ ਵੀ ਸਸਤੇ ਵਿੱਚ ਆਊਟ ਹੋ ਗਏ। ਇਸ ਤੋਂ ਬਾਅਦ ਭਾਰਤੀ ਬੱਲੇਬਾਜ਼ਾਂ ਨੇ ਇੱਕ ਤੋਂ ਬਾਅਦ ਇੱਕ ਵਿਕਟਾਂ ਗੁਆਈਆਂ। ਟੀਮ ਪਾਵਰਪਲੇਅ ਵਿੱਚ ਹੀ 5 ਵਿਕਟਾਂ ਗੁਆ ਚੁੱਕੀ ਸੀ ਅਤੇ ਸਕੋਰ 68 ਦੌੜਾਂ ਤੱਕ ਪਹੁੰਚਿਆ ਸੀ।ਭਾਰਤ ਲਈ ਸਭ ਤੋਂ ਵੱਧ ਦੌੜਾਂ ਦੀਪੇਸ਼ ਦੇਵੇਂਦਰਨ ਨੇ ਬਣਾਈਆਂ, ਜਿਨ੍ਹਾਂ ਨੇ 36 ਦੌੜਾਂ ਦੀ ਪਾਰੀ ਖੇਡੀ। ਬਾਕੀ ਬੱਲੇਬਾਜ਼ ਛੋਟੀਆਂ ਪਾਰੀਆਂ ਖੇਡ ਕੇ ਆਊਟ ਹੋ ਗਏ। ਪੂਰੀ ਟੀਮ 26.1 ਓਵਰਾਂ ਵਿੱਚ ਸਿਰਫ਼ 159 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਇਹ ਭਾਰਤ ਲਈ ਬਹੁਤ ਹੀ ਨਿਰਾਸ਼ਾਜਨਕ ਪ੍ਰਦਰਸ਼ਨ ਸੀ। ਟੂਰਨਾਮੈਂਟ ਵਿੱਚ ਅਜੇਤੂ ਰਹੀ ਭਾਰਤੀ ਟੀਮ ਫਾਈਨਲ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋ ਗਈ। ਪਕਿ ਸਤਾਨ ਵੱਲੋਂ ਗੇਂਦਬਾਜ਼ੀ ਵਿੱਚ ਅਲੀ ਰਜ਼ਾ ਨੇ ਸਭ ਤੋਂ ਵੱਧ 4 ਵਿਕਟਾਂ ਲਈਆਂ। ਮੁਹੰਮਦ ਸਯਾਮ, ਹੁਜ਼ੈਫਾ ਅਹਿਸਾਨ ਅਤੇ ਅਬਦੁਲ ਸੁਭਾਨ ਨੇ 2-2 ਵਿਕਟਾਂ ਹਾਸਲ ਕੀਤੀਆਂ। ਪਾਕਿਸਤਾਨੀ ਗੇਂਦਬਾਜ਼ਾਂ ਨੇ ਬਹੁਤ ਹੀ ਅਨੁਸ਼ਾਸਿਤ ਗੇਂਦਬਾਜ਼ੀ ਕੀਤੀ ਅਤੇ ਭਾਰਤੀ ਬੱਲੇਬਾਜ਼ਾਂ ਨੂੰ ਵੱਡੇ ਸ਼ਾਟ ਖੇਡਣ ਦਾ ਮੌਕਾ ਨਹੀਂ ਦਿੱਤਾ।

## ਨਿਊਜ਼ੀਲੈਂਡ ਵਿੱਚ ਨਗਰ ਕੀਰਤਨ ਨੂੰ ਰੋਕਣਾ ਮੰਦਭਾਗਾ ਤੇ ਨਿੰਦਣ ਯੋਗ ਘਟਨਾ ਹੈ।



ਨਿਊਜ਼ੀਲੈਂਡ ਵਿੱਚ ਨਗਰ ਕੀਰਤਨ ਨੂੰ ਰੋਕਣਾ ਮੰਦਭਾਗਾ ਤੇ ਨਿੰਦਣ ਯੋਗ ਘਟਨਾ ਹੈ। ਤੁਸੀਂ ਜਿਹੜਾ ਲਿੰਕ ਸ਼ੇਅਰ ਕੀਤਾ ਹੈ, ਉਹ ਰੋਜ਼ਾਨਾ ਸਪੋਕਸਮੈਨ ਦੀ ਖ਼ਬਰ ਹੈ ਜਿਸ ਵਿੱਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਘਟਨਾ ਨੂੰ ਸਿੱਖਾਂ ਲਈ ਚੁਣੌਤੀ ਅਤੇ ਸਮਾਜਿਕ ਸਾਂਝ ਨੂੰ ਖ਼ਤਰਾ ਦੱਸਿਆ ਹੈ। ਘਟਨਾ ਕੀ ਹੋਈ? 20 ਦਸੰਬਰ 2025 ਨੂੰ ਨਿਊਜ਼ੀਲੈਂਡ ਦੇ ਸਾਊਥ ਆਕਲੈਂਡ ਦੇ ਮਨੂਰੇਵਾ ਇਲਾਕੇ ਵਿੱਚ ਸਿੱਖ ਸੰਗਤ ਵੱਲੋਂ ਗੁਰਦੁਆਰਾ ਨਾਨਕਸਰ ਠਾਠ ਇਸ਼ਰ ਦਰਬਾਰ ਤੋਂ ਨਗਰ ਕੀਰਤਨ ਕੱਢਿਆ ਗਿਆ ਸੀ। ਇਹ ਪੂਰੀ ਤਰ੍ਹਾਂ ਸ਼ਾਂਤੀਪੂਰਨ ਅਤੇ ਸਰਕਾਰੀ ਇਜਾਜ਼ਤ ਨਾਲ ਹੋ ਰਿਹਾ ਸੀ। ਪਰ ਵਾਪਸ ਗੁਰਦੁਆਰੇ ਵੱਲ ਜਾਂਦੇ ਸਮੇਂ 30-50 ਵਿਅਕਤੀਆਂ ਦੇ ਇੱਕ ਗਰੁੱਪ ਨੇ ਰਸਤਾ ਰੋਕ ਲਿਆ। ਇਹ ਗਰੁੱਪ ਵਿਵਾਦਿਤ ਧਾਰਮਿਕ ਲੀਡਰ ਬ੍ਰਾਇਨ ਤਾਮਾਕੀ ਨਾਲ ਜੁੜੀ ਡੈਸਟਿਨੀ ਚਰਚ ਅਤੇ "ਟਰੂ ਪੈਟਰੀਆਟਸ ਆਫ਼ ਐਨਜ਼ੈਡ" ਨਾਲ ਸਬੰਧਤ ਸੀ।ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਨੂੰ ਮੰਦਭਾਗਾ (ਅਫ਼ਸੋਸਜਨਕ) ਕਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ ਅਤੇ ਆਪਣੀ ਧਾਰਮਿਕ ਆਜ਼ਾਦੀ ਦੀ ਵੀ ਉਮੀਦ ਰੱਖਦੇ ਹਨ। ਨਿਊਜ਼ੀਲੈਂਡ ਸਰਕਾਰ ਨੂੰ ਅਜਿਹੇ "ਸ਼ਰਾਰਤੀ ਅਨਸਰਾਂ" ਨੂੰ ਕੰਟਰੋਲ ਕਰਨਾ ਚਾਹੀਦਾ ਹੈ। ਉਨ੍ਹਾਂ ਨਿਊਜ਼ੀਲੈਂਡ ਦੇ ਸਿੱਖ ਆਗੂਆਂ ਨੂੰ ਪ੍ਰਧਾਨ ਮੰਤਰੀ, ਮਾਓਰੀ ਲੀਡਰਾਂ ਨਾਲ ਮੀਟਿੰਗ ਕਰਕੇ ਮਸਲਾ ਹੱਲ ਕਰਨ ਲਈ ਕਿਹਾ ਹੈ।ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰ ਸਿੱਖ ਲੀਡਰਾਂ ਨੇ ਵੀ ਇਸ ਦੀ ਨਿਖੇਧੀ ਕੀਤੀ ਹੈ।ਇਹ ਘਟਨਾ ਨਿਊਜ਼ੀਲੈਂਡ ਵਿੱਚ ਵਧਦੀਆਂ ਇਮੀਗ੍ਰੇਸ਼ਨ ਤੇ ਮਲਟੀਕਲਚਰਲਿਜ਼ਮ ਨਾਲ ਜੁੜੀਆਂ ਤਣਾਅਪੂਰਨ ਬਹਿਸਾਂ ਨੂੰ ਵਿਖਾ ਰਹੀ ਹੈ, ਪਰ ਸਿੱਖ ਭਾਈਚਾਰੇ ਨੇ ਸਦਾ ਵਾਂਗ ਸ਼ਾਂਤੀ ਅਤੇ ਸੰਜਮ ਨਾਲ ਜਵਾਬ ਦਿੱਤਾ ਹੈ। ਜੇ ਹੋਰ ਵੇਰਵੇ ਚਾਹੀਦੇ ਹਨ ਤਾਂ ਦੱਸੋ!



## ਅੰਮ੍ਰਿਤਸਰ ਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਇਤਿਹਾਸਕ ਮਹੱਤਵ ਵਾਲੀ ਇੱਕ ਪੁਰਾਣੀ ਘੜੀ ਬਾਰੇ ਵੱਡੀ ਖੁਸ਼ਖਬਰੀ ਸਾਹਮਣੇ ਆਈ ਹੈ।

ਇਹ 123 ਸਾਲ ਪੁਰਾਣੀ ਕਰਜ਼ਨ ਘੜੀ ਹੈ, ਜੋ ਦਹਾਕਿਆਂ ਤੋਂ ਇੱਕੋ ਸਮੇਂ 10:08 'ਤੇ ਰੁੱਕੀ ਹੋਈ ਸੀ ਅਤੇ ਲੱਖਾਂ ਸ਼ਰਧਾਲੂਆਂ ਨੂੰ ਉਹੀ ਸਮਾਂ ਦੱਸਦੀ ਰਹਿੰਦੀ ਸੀ। ਹੁਣ ਇਸ ਘੜੀ ਨੂੰ ਮੁੜ ਜੀਵੰਤ ਕੀਤਾ ਗਿਆ ਹੈ ਅਤੇ ਇਹ ਫਿਰ ਤੋਂ ਟਿਕ-ਟਿਕ ਕਰਦੀ ਹੋਈ ਸ੍ਰੀ ਦਰਬਾਰ ਸਾਹਿਬ ਵਿਖੇ ਸਜੇਗੀ।ਇਸ ਘੜੀ ਦਾ ਇਤਿਹਾਸ ਬ੍ਰਿਟਿਸ਼ ਕਾਲ ਨਾਲ ਜੁੜਿਆ ਹੋਇਆ ਹੈ। ਲਾਰਡ ਕਰਜ਼ਨ, ਜੋ 1899 ਤੋਂ 1905 ਤੱਕ ਭਾਰਤ ਦੇ ਵਾਇਸਰਾਏ ਰਹੇ, ਅਤੇ ਉਨ੍ਹਾਂ ਦੀ ਪਤਨੀ 9 ਅਪ੍ਰੈਲ 1900 ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਏ ਸਨ।

ਉਸ ਸਮੇਂ ਉਨ੍ਹਾਂ ਨੂੰ ਦਰਬਾਰ ਸਾਹਿਬ ਅੰਦਰ ਲਟਕਦੀ ਇੱਕ ਸਾਧਾਰਨ ਕੰਧ ਘੜੀ ਦੀ ਦਿੱਖ ਇਸ ਨੂੰ ਇੱਕ ਵਧੇਰੇ ਢੁਕਵੀਂ ਅਤੇ ਪਵਿੱਤਰ ਸਥਾਨ ਨਾਲ ਮੇਲ ਖਾਂਦੀ ਘੜੀ ਨਾਲ ਬਦਲਣ ਦੀ ਇੱਛਾ ਜ਼ਾਹਰ ਕੀਤੀ। ਇਸ ਤੋਂ ਬਾਅਦ ਬਰਮਿੰਘਮ ਸਥਿਤ ਐਲਕਿੰਗਟਨ ਐਂਡ ਕੰਪਨੀ ਲਿਮਟਿਡ ਨੂੰ ਵਿਸ਼ੇਸ਼ ਤੌਰ 'ਤੇ ਇਹ ਚਮਕਦਾਰ ਪਿੱਤਲ ਦੀ ਘੜੀ ਬਣਾਉਣ ਲਈ ਕਿਹਾ ਗਿਆ। ਘੜੀ ਬਣਨ ਅਤੇ ਭਾਰਤ ਭੇਜਣ ਵਿੱਚ ਦੋ ਸਾਲਾਂ ਤੋਂ ਵੱਧ ਸਮਾਂ ਲੱਗਾ। ਅੰਤ ਵਿੱਚ 31 ਅਕਤੂਬਰ 1902 ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਵਾਲੇ ਦਿਨ ਇਹ ਘੜੀ ਉਸ ਸਮੇਂ ਦੇ ਲਾਹੌਰ ਕਮਿਸ਼ਨਰ ਰਾਹੀਂ ਸ੍ਰੀ ਦਰਬਾਰ ਸਾਹਿਬ ਨੂੰ ਭੇਟ ਕੀਤੀ ਗਈ। ਘੜੀ ਉੱਤੇ ਲਿਖਿਆ ਹੋਇਆ ਹੈ ਕਿ ਇਹ ਲਾਰਡ ਕਰਜ਼ਨ ਵੱਲੋਂ ਅਪ੍ਰੈਲ 1900 ਵਿੱਚ ਆਪਣੀ ਪਹਿਲੀ ਸਰਕਾਰੀ ਫੇਰੀ ਦੌਰਾਨ ਅੰਮ੍ਰਿਤਸਰ ਦੇ ਸੁਨਹਿਰੇ ਮੰਦਿਰ ਨੂੰ ਭੇਟ ਕੀਤੀ ਗਈ ਸੀ। ਸਮੇਂ ਦੇ ਨਾਲ ਇਹ ਘੜੀ ਖਰਾਬ ਹੋ ਗਈ ਅਤੇ ਰੁੱਕ ਗਈ। 2023 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੇ ਕੰਧ-ਚਿੱਤਰਾਂ ਅਤੇ ਸੁਨਹਿਰੀ ਪਲੇਟਾਂ ਦੀ ਬਹਾਲੀ ਅਤੇ ਸੰਭਾਲ ਦਾ ਕੰਮ ਭਾਈ ਮਹਿੰਦਰ ਸਿੰਘ ਨੂੰ ਸੌਂਪਿਆ ਗਿਆ। ਇਸ ਕੰਮ ਦੌਰਾਨ ਉੱਤਰ-ਪੂਰਬੀ ਪਾਸੇ ਦੇ ਪ੍ਰਵੇਸ਼ ਦੁਆਰ 'ਤੇ ਇੱਕ ਆਧੁਨਿਕ ਘੜੀ ਦੇ ਹੇਠਾਂ ਛੁਪੀ ਹੋਈ ਇਹ ਇਤਿਹਾਸਕ ਘੜੀ ਮਿਲੀ। ਐਸ.ਜੀ.ਪੀ.ਸੀ. ਦੀ ਮਨਜ਼ੂਰੀ ਨਾਲ ਇਸ ਨੂੰ ਯੂਨਾਈਟਿਡ ਕਿੰਗਡਮ ਭੇਜਿਆ ਗਿਆ, ਜਿੱਥੇ ਬਰਮਿੰਘਮ ਵਿੱਚ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਦੇ ਸਹਿਯੋਗ ਨਾਲ ਇਸ ਦੀ ਮੁਰੰਮਤ ਕੀਤੀ ਗਈ। ਬਰਮਿੰਘਮ ਸਥਿਤ ਭੁਪਿੰਦਰ ਸਿੰਘ ਮਿਨਹਾਸ ਨੇ ਇਸ ਕੰਮ ਨੂੰ ਸੰਭਾਲਿਆ। ਮੁਰੰਮਤ 'ਤੇ ਲਗਭਗ 96 ਲੱਖ ਰੁਪਏ (ਲਗਭਗ 80,000 ਪੌਂਡ) ਦੀ ਲਾਗਤ ਆਈ। ਦੋ ਸਾਲ ਦੀ ਮਿਹਨਤ ਮਗਰੋਂ ਘੜੀ ਪੂਰੀ ਤਰ੍ਹਾਂ ਕਾਰਜਸ਼ੀਲ ਹੋ ਗਈ ਹੈ। ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਦੇ ਪ੍ਰਤੀਨਿਧੀ ਇੰਦਰਜੀਤ ਸਿੰਘ ਨੇ ਦੱਸਿਆ ਕਿ ਘੜੀ ਨੂੰ ਅਸਲੀ ਰੂਪ ਵਿੱਚ ਬਹਾਲ ਕੀਤਾ ਗਿਆ ਹੈ। ਪਹਿਲਾਂ ਹੱਥ ਨਾਲ ਪੇਂਟ ਕੀਤੇ ਪੰਜਾਬੀ ਅੰਕਾਂ ਵਾਲੇ ਐਲੂਮੀਨੀਅਮ ਦੇ ਚਿਹਰੇ ਨੂੰ ਹੁਣ ਪਿੱਤਲ ਦੇ ਚਿਹਰੇ ਅਤੇ ਰੋਮਨ ਅੰਕਾਂ ਨਾਲ ਬਦਲ ਦਿੱਤਾ ਗਿਆ ਹੈ,

# ਸਿੱਖਿਅਤ ਕੌਮਾਂ ਹੀ ਇਤਿਹਾਸ ਸਿਰਜਦੀਆਂ ਹਨ : ਡਿਪਟੀ ਕਮਿਸ਼ਨਰ



**ਤਰਨ ਤਾਰਨ/ ਚੋਹਲਾ ਸਾਹਿਬ 21 ਦਸੰਬਰ | (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)**

ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੰਜਾਬ ਦੇ ਸਮੂਹ ਸਕੂਲਾਂ ਵਿੱਚ ਮੈਗਾ ਪੀ.ਟੀ.ਐਮ 0.4 ਦਾ ਸਫਲਤਾ ਪੂਰਵਕ ਆਯੋਜਨ ਕੀਤਾ ਗਿਆ! ਜ਼ਿਲ੍ਹਾ ਸਿੱਖਿਆ ਅਫਸਰ ਸੰਕੈਂਡਰੀ ਸ੍ਰੀ ਸੰਜੀਵ ਸ਼ਰਮਾ ਦੀ ਅਗਵਾਈ ਵਿੱਚ ਜ਼ਿਲ੍ਹਾ ਪਟਿਆਲਾ ਦੇ ਸਮੂਹ ਸਕੂਲਾਂ ਵਿੱਚ ਮੈਗਾ ਪੀ.ਟੀ.ਐਮ 0.4 ਆਯੋਜਿਤ ਕੀਤੀ ਗਈ! ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਪਟਿਆਲਾ ਵਿਖੇ ਆਯੋਜਿਤ ਕੀਤੀ ਗਈ ਇਸ ਮੈਗਾ ਪੀ•ਟੀ•ਐਮ ਵਿੱਚ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਜੀ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ! ਉਨਾਂ ਵਿਦਿਆਰਥੀ,ਅਧਿਆਪਕ ਅਤੇ ਮਾਪਿਆਂ ਨਾਲ 'ਸਿੱਖਿਆ ਸੰਵਾਦ' ਰਚਾਉਂਦਿਆਂ ਪੰਜਾਬ ਸਰਕਾਰ ਤੇ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਹੁਨਰਮੰਦ ਉਪਰਾਲਿਆਂ ਸਬੰਧੀ ਜਾਣਕਾਰੀ ਦਿੱਤੀ! ਉਨਾ ਉੱਨਤ ਸਿੱਖਿਅਤ ਕੌਮਾਂ ਦੀ ਉਦਾਹਰਨ ਦਿੰਦਿਆਂ ਨੌਜਵਾਨ ਪੀੜੀ ਨੂੰ ਸਫਲ ਲੋਕਾਂ ਦੀਆਂ ਜੀਵਨੀਆਂ ਪੜ੍ਹ ਅਤੇ ਉਨਾਂ ਦੇ ਵਿਚਾਰਾਂ ਨੂੰ ਜੀਵਨ ਵਿੱਚ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ!ਇਸ ਮੌਕੇ ਤੇ ਉਪ-ਜਿਲਾ ਸਿੱਖਿਆ ਅਫਸਰ ਸ੍ਰੀ ਰਵਿੰਦਰ ਪਾਲ ਸ਼ਰਮਾ ਅਤੇ ਸਕੂਲ ਇੰਚਾਰਜ ਸ੍ਰੀ ਭਗਵੰਤ ਸਿੰਘ ਵੱਲੋਂ ਉਨਾਂ ਨੂੰ ਜੀ ਆਇਆਂ ਨੂੰ ਆਖਦਿਆਂ ਉਨਾਂ ਦਾ ਸ਼ਾਨਦਾਰ ਸਵਾਗਤ ਕੀਤਾ। ਇਸ ਮੈਗਾ ਪੀਟੀਐਮ ਵਿੱਚ ਵੱਖ-ਵੱਖ ਕਲਾਸ ਇੰਚਾਰਜ ਸਾਹਿਬਾਨ, ਐਸ.ਐਮ.ਸੀ ਚੇਅਰਪਰਸਨ, ਵਿਦਿਆਰਥੀਆਂ ਦੇ ਮਾਤਾ ਪਿਤਾ ਅਤੇ ਹੋਰ ਪਤਵੰਤਿਆਂ ਨੇ ਭਰਵੀਂ ਹਾਜ਼ਰੀ ਲਗਵਾਈ!


## ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ (ਤਰਨ ਤਾਰਨ)

Website: ggskcsarhali.ac.in Email: ggscollegesarhali@yahoo.co.in

ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿਦਿਆ ਦਾ ਚਾਨਣ ਘਰ ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿੱਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ । ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ ਗ੍ਰੈਜੂਏਸ਼ਨ ਪੱਧਰ ਤੱਕ ਦੇ ਹੇਠ ਲਿਖੇ ਕੋਰਸ ਸਫਲਤਾ ਪੂਰਵਕ ਚੱਲ ਰਹੇ ਹਨ।

ਇਹ ਕਾਲਜ **ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦਾ ਰੀਜ਼ਨਲ ਸੈਂਟਰ**, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ, ਗਰਾਂਟ ਇਨ ਏਡ ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ ਭਾਰਤ ਸਰਕਾਰ ਤੋਂ ਸਹਾਇਤਾ ਪ੍ਰਾਪਤ ਕੋ ਐਜੂਕੇਸ਼ਨ ਕਾਲਜ ਹੈ।

**ਸੰਤ ਬਾਬਾ ਤਾਰਾ ਸਿੰਘ ਜੀ ਅਤੇ ਸੰਤ ਬਾਬਾ ਚਰਨ ਸਿੰਘ ਜੀ ਦੇ ਸਲਾਨਾ ਬਰਸੀ ਸਮਾਗਮ 'ਤੇ ਪਹੁਚ ਰਹੀਆਂ ਸੰਗਤਾਂ ਨੂੰ ਜੀ ਆਇਆ ਨੂੰ**

- M.Com
- M.Sc.(I.T)
- M.A. (Punjabi)
- M.A. (English)
- M.B.A
- M.C.A
- M.A.(Economics)
- M.Sc. (C.S)
- B.A
- B.Sc. (Eco)
- B.Sc.(C.S.)
- B.Sc. (N.M)
- B.C.A
- B.Com.
- B.B.A
- P.G.D.C.A
- D.F.D
- D.I.T
- D.R.S.M
- C.G.S.T
- C.C.C.A
- C.C.S.T
- 10+1, 10+2 (Medical, Non-Medical, Commerce and Arts)
- Diploma in Care Giver (Old Age Care)
- Diploma in Nanny Care

**New Couse Bachelor of Education (B.Ed) starting from Academic Session 2026-27**

ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਜਿੱਥੇ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਲਈ ਕਈ ਸਕੂਲ ਅਤੇ ਕਾਲਜ ਚੱਲ ਰਹੇ ਹਨ, ਉਥੇ ਨਵੀਂ ਪੀੜ੍ਹੀ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਸੰਪਰਦਾਇ ਕਾਰ ਸੇਵਾ ਦੇ ਹੈਡ ਕੁਆਰਟਰ ਤਪੋਬਨ ਸਾਹਿਬ ( ਨਵਾਂ ਪੜਾਅ) ਸਰਹਾਲੀ ਦੇ ਨਜ਼ਦੀਕ ਚਲਾਈ ਜਾ ਰਹੀ **ਸੰਤ ਬਾਬਾ ਤਾਰਾ ਸਿੰਘ ਜੀ ਸਪੋਰਟਸ ਅਕੈਡਮੀ ਦੇ ਅੰਡਰ 14, ਅੰਡਰ 17 ਅਤੇ ਅੰਡਰ 19 ਦੇ 40 ਖਿਡਾਰੀਆਂ ਦੀ ਰਿਹਾਇਸ਼, ਖਾਣਾ, ਪੜ੍ਹਾਈ, ਟ੍ਰੇਨਿੰਗ, ਸਪੋਰਟਸ ਕਿੱਟਾਂ ਅਤੇ ਖੇਡਾਂ ਦਾ ਸਾਜੋ-ਸਮਾਨ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਦੇ ਮੁਖੀ ਅਤੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਪ੍ਰਬੰਧਕੀ ਕਮੇਟੀ ਦੇ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਵਲੋਂ ਮੁਹੱਈਆ ਕਰਵਾਇਆ ਜਾ ਰਿਹਾ ਹੈ।**

S. Harjinder Singh Billianwala
Honorary Secretary
Mobile: 98781-70700

Dr. Jasbir Singh Gill
Principal
Mobile: 95017-46500


# ਬਲਾਕ ਸੰਮਤੀ ਮੈਂਬਰ ਬੀਬੀ ਗੁਰਬਚਨ ਕੌਰ ਨੂੰ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਕੀਤਾ ਸਨਮਾਨਿਤ



**ਚੋਹਲਾ ਸਾਹਿਬ 21 ਦਸੰਬਰ 2025 | (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)**

ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਅੱਜ ਕਾਂਗਰਸ ਪਾਰਟੀ ਦੇ ਬਲਾਕ ਸੰਮਤੀ ਮੈਂਬਰ ਬੀਬੀ ਗੁਰਬਚਨ ਕੌਰ ਨੂੰ ਸਨਮਾਨਿਤ ਕਰਨ ਲਈ ਉਹਨਾਂ ਦੇ ਗ੍ਰਹਿ ਵਿਖੇ ਪਹੁੰਚੇ।ਇਸ ਸਮੇਂ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਬਲਾਕ ਸੰਮਤੀ ਮੈਂਬਰ ਬੀਬੀ ਗੁਰਬਚਨ ਕੌਰ,ਬੀਬਾ ਉੱਪਜੀਤ ਕੌਰ ਝਬਾਲ,ਰਣਜੀਤ ਸਿੰਘ ਰਾਣਾ ਆੜ੍ਹਤੀਆ ਨੂੰ ਸਨਮਾਨਿਤ ਕੀਤਾ ਅਤੇ ਬੀਬੀ ਗੁਰਬਚਨ ਕੌਰ ਨੂੰ ਸਲਾਕ ਸੰਮਤੀ ਮੈਂਬਰ ਬਨਣ ਤੇ ਵਧਾਈ ਦਿੱਤੀ।ਵਿਧਾਇਕ ਸਿੱਕੀ ਨੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰਣਜੀਤ ਸਿੰਘ ਰਾਣਾ ਆੜ੍ਹਤੀਆ,ਬੀਬਾ ਉੱਪਜੀਤ ਕੌਰ ਝਬਾਲ ਅਤੇ ਬੀਬੀ ਗੁਰਬਚਨ ਕੌਰ ਦਾ ਪਰਿਵਾਰ ਹਮੇਸ਼ਾਂ ਜਰਰਤਮੰਦਾਂ ਦੀ ਮਦਦ ਲਈ ਅੱਗੇ ਆਉਂਦਾ ਰਿਹਾ।ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾਂ ਉਹਨਾਂ ਦੇ ਦੁੱਖ ਸੁੱਖ ਵਿੱਚ ਉਹਨਾਂ ਦੀ ਸਾਥੀ ਹੈ।ਇਸ ਸਮੇਂ ਬਲਾਕ ਸੰਮਤੀ ਮੈਂਬਰ ਬੀਬੀ ਗੁਰਬਚਨ ਕੌਰ ਨੇ ਕਿਹਾ ਕਿ ਇਲਾਕਾ ਨਿਵਾਸੀਆਂ ਦੇ ਪਿਆਰ ਸਦਕਾ ਉਹਨਾਂ ਨੂੰ ਜਿੱਤ ਹਾਸਿਲ ਹੋਈ ਹੈ ਉਹ ਹਮੇਸ਼ਾਂ ਇਲਾਕਾ ਨਿਵਾਸੀ ਸੰਗਤਾਂ ਦੇ ਰਿਣੀ ਰਹਿੱਗੇ ਅਤੇ ਉਹਨਾਂ ਦੀਆਂ ਮੁਸ਼ਕਲਾਂ ਵਿੱਚ ਉਹਨਾਂ ਦਾ ਸਾਥ ਦੇਣਗੇ।ਇਸ ਸਮੇਂ ਸਰਪੰਚ ਰਾਏ ਦਵਿੰਦਰ ਸਿੰਘ ਬਿੱਟੂ,ਸਰਪੰਚ ਲਖਬੀਰ ਸਿੰਘ ਲੱਖਾ ਪਹਿਲਵਾਨ,ਪ੍ਰਧਾਨ ਅਜੀਤ ਸਿੰਘ,ਸੀਨੀਅਰ ਕਾਂਗਰਸੀ ਆਗੂ ਮਨਦੀਪ ਸਿੰਘ ਮਨੀ,ਥਾਣੇਦਾਰ ਮਨਮੋਹਨ ਸਿੰਘ,ਨਿਸ਼ਾਨ ਸਿੰਘ ਭੱਖੀਕੇ,ਡਾਇਰੈਕਟਰ ਭੁਪਿੰਦਰ ਕੁਮਾਰ ਨਈਅਰ,ਚੇਅਰਮੈਨ ਰਵਿੰਦਰ ਸਿੰਘ ਸ਼ੈਂਟੀ,ਸਤਨਾਮ ਸਿੰਘ ਢਿਲੋਂ ਸੀਨੀਅਰ ਕਾਂਗਰਸੀ ਆਗੂ,ਸੀਨੀਅਰ ਕਾਂਗਰਸੀ ਆਗੂ ਸੁਖਚੈਨ ਸਿੰਘ,ਮੈਂਬਰ ਗੁਰਜਿੰਦਰ ਸਿੰਘ ਗਿੰਦੋ,ਮੈਂਬਰ ਤਰਸੇਮ ਸਿੰਘ,ਮੀਡੀਆ ਇੰਚਾਰਜ ਲਵਦੀਪ ਸਿੰਘ,ਰਾਕੇਸ਼ ਬਿੱਲਾ ਸੀਨੀਅਰ ਆਗੂ,ਸੀਨੀਅਰ ਕਾਂਗਰਸੀ ਆਗੂ ਮਨਦੀਪ ਸਿੰਘ ਕਾਂਮਰੇਡ,ਰਜਿੰਦਰ ਸਿੰਘ ਬਾਜਵਾ ਫੋਟੋ ਸਟੇਟ ਵਾਲੇ, ਦਵਿੰਦਰ ਸਿੰਘ ਪੱਪੂ ਨੰਬਰਦਾਰ,ਗੁਰਪ੍ਰੀਤ ਸਿੰਘ ਤੁੜੀਆ,ਜੱਜ ਸਿੰਘ ਮੈਂਬਰ ਪੰਚਾਇਤ,ਸੀਨੀਅਰ ਕਾਂਗਰਸੀ ਆਗੂ ਨਿਰਵੈਲ ਸਿੰਘ,ਪੰਮਾ ਟੌਹੜਾ,ਪ੍ਰਧਾਨ ਸੁਖਚੈਨ ਸਿੰਘ ਮੁਨੀਮ,ਮੈਂਬਰ ਬਲਵਿੰਦਰ ਸਿੰਘ,ਪ੍ਰੋਫੈਸਰ ਰਾਜਬੀਰ ਕੌਰ ਢਿਲੋਂ ਝਬਾਲ,ਡਾਕਟਰ ਜੁਗਰਾਜ ਸਿੰਘ ਢਿਲੋਂ ਝਬਾਲ,ਗਗਲਦੀਪ ਸਿੰਘ ਕਰਮੂੰਵਾਲਾ,ਡਾਕ: ਰਤਨਜੀਤ ਸਿੰਘ ਆਦਿ ਹਾਜਰ ਸਨ।

# ਸ੍ਰੀ ਗੁਰੂ ਅਰਜੁਨ ਦੇਵ ਜੀ ਪਬਲਿਕ ਸਕੂਲ ਰਣਸੀਕੇ ਤੱਲਾ ਵਿਖੇ ਸਾਲਾਨਾ ਰੰਗਾ ਰੰਗ ਪ੍ਰੋਗਰਾਮ ਕਰਵਾਇਆ ਗਿਆ



**ਚੋਹਲਾ ਸਾਹਿਬ 21 ਦਸੰਬਰ 2025 | (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਅਰਜੁਨ ਦੇਵ ਪਬਲਿਕ ਸਕੂਲ ਰਣਸੀਂਕੇ ਤੱਲਾ ਦਾ ਐਨੂਅਲ ਡੇਅ ਫੰਕਸ਼ਨ ਯਾਦਗਾਰੀ ਹੋ ਨਿਬੜਿਆ।ਇਸ ਸਮੇਂ ਸਕੂਲ ਪ੍ਰਿੰਸੀਪਲ ਜ਼ਸ਼ਨਪ੍ਰੀਤ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹਨਾਂ ਦੇ ਸਕੂਲ ਵਿਖੇ ਸਾਲਾਨਾ ਇਨਾਮਵੰਡ ਰੰਗਾ ਰੰਗ ਪ੍ਰੋਗਰਾਮ ਕਰਵਾਇਆ ਗਿਆ ਹੈ ਜਿਸ ਵਿੱਚ ਬੱਚਿਆਂ ਨੇ ਆਪਣੀਆਂ ਖੂਬਸੂਰਤ ਪ੍ਰਫੌਰਮੈਂਸਜ਼ ਨਾਲ ਸਟੇਜ ਉੱਤੇ ਖੂਬ ਰੰਗ ਬੰਨ੍ਹਿਆ। ਬੱਚਿਆਂ ਨੇ ਕੋਰਿਓਗ੍ਰਾਫੀ, ਫੈਂਸੀ ਡਰੈੱਸ ਮੁਕਾਬਲੇ,ਭੰਗੜਾ ,ਗਿੱਧਾ,ਸੋਲੋ ਡਾਂਸ ,ਭਾਸ਼ਣ ਰਾਹੀਂ ਆਪਣੇ ਅੰਦਰ ਦੀ ਕਲਾ ਦਾ ਪ੍ਰਦਰਸ਼ਨ ਕੀਤਾ।ਉਹਨਾਂ ਦੱਸਿਆ ਕਿ ਬੱਚਿਆ ਨੇ ਪੰਜਾਬੀ ਨਾਚ ਗਿੱਧਾ,ਭੰਗੜਾ ਅਤੇ ਦੂਸਰੇ ਰਾਜਾਂ ਦੇ ਸਭਿਅਚਾਰ ਨਾਲ ਜੁੜੇ ਪਹਿਰਾਵੇ ਪਹਿਨਕੇ ਸਟੇਜ਼ ਦੇ ਕਲਾ ਦੇ ਜ਼ੌਹਰ ਦਿਖਾਏ। ਉਹਨਾਂ ਦੱਸਿਆ ਕਿ ਖਾਸ ਕਰਕੇ ਜਦ ਸਕੂਲ ਵਿਦਿਆਰਥੀਆਂ ਨੇ ਪੰਜਾਬੀ ਗੀਤਾਂ *ਤੇ ਭੰਗੜਾ ਪਾਇਆ ਤਾਂ ਵੇਖਣ ਵਾਲੇ ਵੀ ਨੱਚਣ ਲੱਗ ਪਏ।ਇਸ ਸਮੇਂ ਅਧਿਆਪਕ ਹਰਵਿੰਦਰ ਕੌਰ ਕਾਹਲੋਂ ਨੇ ਦੱਸਿਆ ਕਿ ਹਰ ਇੱਕ ਮਾਤਾ ਪਿਤਾ ਨੂੰ ਚਾਹੀਦਾ ਹੈ ਕਿ ਅੱਗੇ ਵੱਧ ਕੇ ਆਪਣੇ ਬੱਚਿਆਂ ਨੂੰ ਇਹੋ ਜਿਹੀਆਂ ਗਤੀਵਿਧੀਆਂ ਵਿੱਚ ਭਾਗ ਦਿਵਾਇਆ ਕਰਨ ,ਜਿਸ ਨਾਲ ਬੱਚੇ ਵਿੱਚ ਫਰਅਜਿਦਕਅਫਕ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ ਅਤੇ ਉਸਦੇ ਮਨ ਵਿੱਚੋਂ ਸਟੇਜ ਦਾ ਡਰ ਖਤਮ ਹੁੰਦਾ ਹੈ ਅਤੇ ਬੱਚਾ ਹੋਰ ਵੀ ਐਕਟਿਵ ਹੁੰਦਾ ਹੈ। ਸਾਰੇ ਸਕੂਲ ਸਟਾਫ਼ ,ਵਿਦਿਆਰਥੀਆਂ ਅਤੇ ਮਾਤਾ ਪਿਤਾ ਨੂੰ ਬਹੁਤ ਬਹੁਤ ਮੁਬਾਰਕਾਂ।ਇਸ ਸਮੇਂ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕੀਤੀ ਅਤੇ ਉਹਨਾਂ ਨੂੰ ਆਸ਼ਿਰਵਾਦ ਦਿੱਤਾ ਕਿ ਉਹ ਅੱਗੇ ਤੋਂ ਹੋਰ ਤਰੱਕੀ ਕਰਨ।ਇਸ ਸਮੇਂ ਟੀਚਰਜ਼ ਹਰਵਿੰਦਰ ਕੌਰ ਕਾਹਲੋਂ ਪ੍ਰਿੰਸੀਪਲ ਜਸ਼ਨਪ੍ਰੀਤ ਕੌਰ ਦਿਲਪ੍ਰੀਤ ਕੌਰ ਕਵਲਜੀਤ ਕੌਰ ਲਿਸ਼ਬਾ ਅੰਮ੍ਰਿਤਪਾਲ ਕੌਰ ਰਾਜਵਿੰਦਰ ਕੌਰ ਸਰਬਜੀਤ ਕੌਰ ਸੁਮਨਦੀਪ ਕੌਰ ਅਮਨਦੀਪ ਕੌਰ ਨਵਨੀਤ ਸਿੰਘ ਕੀਰਤਨ ਟੀਚਰ ਆਦਿ ਹਾਜਰ ਸਨ।


**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**

**9463661542, cee7news@gmail.com**

Kisan AUTOMOBILES ਤੁਹਾਡੀ ਆਪਣੀ Hero
# ਕਿਸਾਨ ਹੀਰੋ ਅਜੰਸੀ
ਚੋਹਲਾ ਸਾਹਿਬ
ਵੱਲੋਂ
# ਦੀਵਾਲੀ ਧਮਾਕਾ
ਸਪਲੈਂਡਰ HF-DELUX

ਨਾਲ ਪਾਓ ਫ੍ਰੀ ਗਿਫਟ

DP 9999/- DP 6999/-
ਪਹਿਲਾ ਦੀ ਤਰ੍ਹਾਂ ਇਸ ਵਾਰ ਵੀ
ਘੱਟ ਰੇਟ | ਘੱਟ ਕਾਗਜ਼ੀ ਕਾਰਵਾਈ | ਘੱਟ ਵਿਆਜ ਦਰ | ਮੌਕੇ ਤੇ ਬੈਂਕ ਲੋਨ
ਪੁਰਾਣਾ ਮੋਟਰ ਸਾਈਕਲ ਵਿੱਚ ਦੇ ਕੇ ਨਵਾਂ ਲੈਣ ਤੇ ਪਾਓ 2000/- ਦੀ ਛੋਟ+ ਨਾਲ 5 ਲੀਟਰ ਪੈਟਰੋਲ
ਵੱਧ ਆਫਰਾਂ ਦਾ ਲਾਭ ਲੈਣ ਲਈ ਜਲਦੀ ਆਓ
## ਕਿਸਾਨ ਆਟੋਮੋਬਾਈਲਜ਼
ਨੇੜੇ ਪਟਰੋਲ ਪੰਪ, ਸਰਹਾਲੀ ਰੋਡ, ਚੋਹਲਾ ਸਾਹਿਬ (ਤਰਨ ਤਾਰਨ)
M: 81467-57144, 94787-57144, 70972-42000
PRIMAX PRESS

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ

# ਗੁਰੂ ਅਰਜਨ ਦੇਵ ਖਾਲਸਾ ਕਾਲਜ

ਸ੍ਰ. ਹਰਜਿੰਦਰ ਸਿੰਘ ਧਾਮੀ ਪ੍ਰਧਾਨ, ਸ਼੍ਰੋ. ਗੁ. ਪ੍ਰਬੰਧਕ ਕਮੇਟੀ
## ਚੋਹਲਾ ਸਾਹਿਬ, ਜ਼ਿਲ੍ਹਾ ਤਰਨ ਤਾਰਨ
ਜਥੇ. ਗੁਰਬਚਨ ਸਿੰਘ ਕਰਮੂੰਵਾਲਾ ਮੈਂਬਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ

**Courses Offered**
Post Graduation : • M.Sc. (Comp. Sci.) • M.Com.
Graduation : • BCA • B.Sc.(IT) • B.Sc. (Comp. Sci.) • B.Sc. (Eco.) • B.Sc. (N.Med.) • BBA • B.Com. • B.A.
Diploma : • DCA • PGDCA • DST
ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ

**10+1 & 10+2**
Medical, Non-Medical, Commerce and Arts
ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਮਾਨਤਾ ਪ੍ਰਾਪਤ

- Diploma in Artificial Intelligence
- Diploma in Cyber Security
- Certification Course in Digital Marketing
- Certification Course in Nanny Care

Affiliated to Jagat Guru Nanak Dev Punjab State Open University, Patiala

**ਵਿਸ਼ੇਸ਼ਤਾਵਾਂ**
- ਬਹੁਤ ਘੱਟ ਫ਼ੀਸਾਂ ਅਤੇ ਵੱਧ ਸਹੂਲਤਾਂ
- ਤਜ਼ਰਬੇਕਾਰ ਅਤੇ ਮਿਹਨਤੀ ਸਟਾਫ਼
- ਕੌਮਾਂਤਰੀ ਪੱਧਰ ਦੇ ਖੇਡ ਮੈਦਾਨ
- ਅਤਿ-ਆਧੁਨਿਕ ਕੰਪਿਊਟਰ, ਫਿਜ਼ਿਕਸ, ਕੈਮਿਸਟਰੀ ਅਤੇ ਬਾਇਓਲੋਜੀ ਲੈਬ
- ਅਨੁਸੂਚਿਤ ਜਾਤੀ ਘੱਟ ਗਿਣਤੀ ਵਿਦਿਆਰਥੀਆਂ ਲਈ ਵਜ਼ੀਫਾ
- ਵਿਦਿਆਰਥੀਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਤੋਂ ਆਏ ਵਿਦਿਆਰਥੀਆਂ, ਸਕੇ ਭੈਣ-ਭਰਾ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਫੀਸਾਂ ਵਿਚ ਵਿਸ਼ੇਸ਼ ਰਿਆਇਤ
ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਖ਼ਾਸ ਵਜ਼ੀਫਾ
10+1 ਅਤੇ 10+2 : 5000/- ਰੁਪਏ
ਗ੍ਰੈਜੂਏਸ਼ਨ ਕੋਰਸ : 8000/- ਰੁਪਏ
ਪੋਸਟ ਗ੍ਰੈਜੂਏਸ਼ਨ ਕੋਰਸ : 10000/- ਰੁਪਏ

ਵਿਦਿਆ ਦਾ ਗੁਰੂਕੁਲ ਗਿਆਨ ਦਾ ਸਾਗਰ
ਸ਼ਿਪਸ ਇੰਸਟੀਚਿਊਟਸ, ਰਾਣੀਵਲਾਹ ਤਰਨ ਤਾਰਨ
# SHIPS LONDON KIDS PLAY PEN SCHOOL
*What makes us Special?*
- Loving and Caring Environment
- Dedicated Teachers and Staff
- Individual Education Plans
- Smart Class Room
- Creative Corner
- Big Outdoor Play Area

*Admission Open*
There is no Better Secure, Safe and Fun Place to Leave your Kid than in this School
Transport Facility Available


ਗੁਲਵਿੰਦਰ ਸਿੰਘ ਸੰਧੂ ਡਾਇਰੈਕਟਰ
ਨਿਰਭੈਅ ਸਿੰਘ ਪ੍ਰਿੰਸੀਪਲ
School Time : 10-00 am to 12-00 p.m.
Village Raniwallah, Chohla Sahib, TARN TARAN.
Mob. : 98148-64435, 98148-64437

# MSM CONVENT SCHOOL
DHUN ROAD, CHOHLA SAHIB, DISTT. TARN TARAN
Affiliated to CBSE New Delhi
## ADMISSION OPEN
PLAYWAY TO XII
• Medical • Non-Medical • Commerce • Arts Stream

*Age criteria as on 31st March
Playway : 2+ Years | Nursery : 3 to 4 Years
LKG : 4 to 5 Years | UKG : 5 to 6 Years
FREE ADMISSION IN PLAYWAY NURSERY & LKG for First 50 seats only
- Digital & Smart School • Parent's Orientation
- Emphasis on Creativity, Innovation, Public Speaking & Theatre
- Extensive Sports facilities like Cricket, Basketball, Kabaddi, Wrestling, Badminton, Football, Chess etc.
- FAP State Award for best sports facilities
- FAP National Award for budget-friendly School
- Holistic Development through Experiential Learning

50% Off IN ADMISSION CHARGES FOR ALL CLASSES for First 50 seats only
For Career opportunity : msmconventschool@gmail.com
Limited Seats Available So Hurry Up! Call Now : 8288073538
msmconventschool@gmail.com
www.msmconventschool.com


ਵੈਬਸਾਇਟ ਬਣਵਾਉਣ ਲਈ ਸੰਪਰਕ ਕਰੋ
+91 99881 82740

## CALLSTEM SOFTWARE LLP
Unlock your business's true potential with our expertise. Join us today and watch your brand soar!
OUR SERVICES
- Web Design and Development
- Mobile Application Development
- Social Media Management & Marketing
- Graphics Designing
- Custom Software Solutions


Contact - 9463661542

## ਖ਼ਾਲਸਾ ਕਾਲਜ ਚੋਹਲਾ ਸਾਹਿਬ ਵਿੱਚ ਚੱਲ ਰਹੇ ਐਨ.ਐਸ.ਐਸ਼ ਕੈਂਪ ਦੇ ਚੌਥੇ ਦਿਨ ਵਲੰਟੀਅਰਜ ਨੇ ਪਿੰਡ ਕਰਮੂੰਵਾਲਾ ਵਿੱਚ ਸਾਖਰਤਾ ਅਤੇ ਸਫਾਈ ਅਭਿਆਨ ਚਲਾਇਆ




**ਚੋਹਲਾ ਸਾਹਿਬ 21 ਦਸੰਬਰ 2025 | (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸਫਲਤਾ ਪੂਰਵਕ ਚੱਲ ਰਹੇ, ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ, ਵਿਖੇ ਪ੍ਰਿੰਸੀਪਲ ਡਾ: ਹਰਮਨਦੀਪ ਸਿੰਘ ਦੀ ਅਗਵਾਈ ਹੇਠ ਲਗਾਏ ਗਏ ਐਨ.ਐਸ.ਐਸ ਕੈਂਪ ਦੇ ਅੱਜ ਚੌਥੇ ਦਿਨ ਦੀ ਸ਼ੁਰੂਆਤ ਸਵੇਰ ਦੀ ਸੈਰ ਅਤੇ ਯੋਗ ਆਸਣ ਕਰਦੇ ਹੋਏ ਅੰਤਰ ਆਤਮਿਕ ਅਵਸਥਾ ਵਿੱਚ ਧਿਆਨ ਲਗਾਉਣ ਦੀ ਜਾਣਕਾਰੀ ਦਿੱਤੀ। ਪਹਿਲੇ ਸੈਸ਼ਨ ਦੇ ਵਿੱਚ ਵਿਦਿਆਰਥੀਆਂ ਨੇ ਗੋਦ ਲਏ ਪਿੰਡ ਕਰਮੂਵਾਲਾ ਵਿੱਚ ਸਾਖਰਤਾ ਮੁਹਿੰਮ ਚਲਾਈ ਜਿਸ ਵਿੱਚ ਬਜ਼ੁਰਗ ਬੀਬੀਆਂ ਨੂੰ ਵਲੰਟੀਅਰਜ਼ ਵੱਲੋਂ ਪੜ੍ਹਾਇਆ ਗਿਆ। ਇਸ ਤੋਂ ਬਾਅਦ ਕਰਮੂਵਾਲਾ ਪਿੰਡ ਦੀ ਬੱਚਿਆਂ ਵੱਲੋਂ ਸਾਫ ਸਫਾਈ ਕੀਤੀ ਗਈ ਅਤੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਦੇ ਲਈ ਪਿੰਡ ਵਾਲਿਆਂ ਨੂੰ ਸੁਚੇਤ ਕੀਤਾ ਗਿਆ। ਖਾਲਸਾ ਕਾਲਜ ਦੀ ਬੀ.ਏ ਕਲਾਸ ਦੀ ਵਿਦਿਆਰਥਣ ਰਮਨਦੀਪ ਕੌਰ ਦੇ ਪਿਤਾ ਸਰਦਾਰ ਧਰਮ ਸਿੰਘ ਅਤੇ ਮਾਤਾ ਦਵਿੰਦਰ ਕੌਰ ਦੇ ਵੱਲੋਂ ਵਿਦਿਆਰਥੀਆਂ ਦੇ ਲਈ ਚਾਹ ਪਕੌੜਿਆਂ ਦਾ ਲੰਗਰ ਤਿਆਰ ਕਰ ਕੇ ਵਿਦਿਆਰਥੀਆਂ ਨੂੰ ਛਕਾਇਆ ਗਿਆ। ਦੂਜੇ ਸੈਸ਼ਨ ਵਿੱਚ ਐਨ.ਐਸ.ਐਸ ਦੇ ਵਿਦਿਆਰਥੀਆਂ ਪਿੰਡ ਕਰਮੂਵਾਲਾ ਦੇ ਮਾਨਯੋਗ ਸ਼ਖਸ਼ੀਅਤਾਂ ਸ: ਗੁਰਬਚਨ ਸਿੰਘ ਜੀ ਕਰਮੂਵਾਲਾ, ਇੰਦਰਜੀਤ ਸਿੰਘ, ਸ: ਦਲੇਰ ਸਿੰਘ ਢਿੱਲੋ( ਬਲਾਕ ਸੰਮਤੀ ਮੈਂਬਰ), ਸੁਰਿੰਦਰ ਸਿੰਘ (ਪ੍ਰਧਾਨ), ਦਿਲਬਾਗ ਸਿੰਘ (ਸਰਪੰਚ), ਸੁਖਚੈਨ ਸਿੰਘ ਤੇ ਬਲਵੰਤ ਸਿੰਘ ਜੀ ਇਹਨਾਂ ਸਾਰੇ ਪਤਵੰਤਿਆਂ ਨਾਲ ਮਿਲ ਕੇ ਇਹਨਾਂ ਨੂੰ ਐਨ.ਐਸ.ਐਸ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਕਰਮੂਵਾਲਾ ਪਿੰਡ ਗੋਦ ਲਏ ਜਾਣ ਬਾਰੇ ਜਾਣਕਾਰੀ ਦਿੱਤੀ ਗਈ। ਕਾਲਜ ਦੇ ਵਿਦਿਆਰਥੀ ਦੁਆਰਾ ਇਹਨਾਂ ਸਾਰੇ ਪਤਵੰਤਿਆਂ ਨੂੰ ਕਾਲਜ ਦੀ ਸਥਾਪਨਾ ਉਹਦੀਆਂ ਪ੍ਰਾਪਤੀਆਂ ਬਾਰੇ ਇਕ ਭਾਸ਼ਣ ਰਾਹੀਂ ਜਾਣੂ ਕਰਵਾਇਆ ਗਿਆ। ਮੀਤ ਪ੍ਰਧਾਨ ਸਾਬਕਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਜਥੇਦਾਰ ਗੁਰਬਚਨ ਸਿੰਘ ਜੀ ਕਰਮੂਵਾਲਾ ਜਿਨਾਂ ਦਾ ਕਾਲਜ ਸਥਾਪਿਤ ਕਰਨ ਦੇ ਵਿੱਚ ਮਹੱਤਵਪੂਰਨ ਯੋਗਦਾਨ ਹੈ ਬਾਰੇ ਖੁੱਲ੍ਹ ਕੇ ਵਿਚਾਰ ਪੇਸ਼ ਕੀਤੇ ਗਏ। ਫਿਰ ਕਾਲਜ ਦੇ ਪ੍ਰੋ: ਅੰਮ੍ਰਿਤਪਾਲ ਕੌਰ ਦੇ ਪਰਿਵਾਰਿਕ ਮੈਂਬਰ ਲਖਵਿੰਦਰ ਕੌਰ ਅਤੇ ਅਮਰਜੀਤ ਕੌਰ ਵੱਲੋਂ ਚਾਹ ਮਠਿਆਈ ਦੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਜੋ ਵਿਦਿਆਰਥੀਆਂ ਨੂੰ ਛਕਾਇਆ ਗਿਆ ਅਤੇ ਬਾਅਦ ਵਿੱਚ ਐਨ.ਐਸ.ਐਸ ਪ੍ਰੋਗਰਾਮ ਦੇ ਅਫਸਰ ਪ੍ਰੋ: ਬਲਜਿੰਦਰ ਸਿੰਘ ਤੇ ਪ੍ਰਿਤਬੀਰ ਕੌਰ ਨੂੰ ਗੁਰੂ ਜੀ ਦੀ ਬਖਸ਼ੀਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਬੋਲਦਿਆਂ ਕਿਹਾ ਕਿ ਇਸ ਕੈਂਪ ਦਾ ਮੂਲ ਮੰਤਵ ਵਿਦਿਆਰਥੀਆ ਵਿੱਚ ਸੇਵਾ ਭਾਵ ਨੂੰ ਪ੍ਰਬਲ ਕਰਨ ਦੇ ਨਾਲ ਸਮਾਜ ਸੁਧਾਰ ਲਈ ਪ੍ਰਪੱਕ ਕਰਨਾ ਤੇ ਵਾਤਾਵਰਨ ਦੀ ਸਾਂਭ ਸੰਭਾਲ ਪ੍ਰਤੀ ਗੋਦ ਲਏ ਪਿੰਡ ਕਰਮੂਵਾਲੇ ਨੂੰ ਵੱਧ ਤੋਂ ਵੱਧ ਸੁਚੇਤ ਅਤੇ ਜਾਗਰੂਕ ਕਰਨਾ ਹੈ। ਉਨ੍ਹਾ ਕਿਹਾ ਆਉਣ ਵਾਲੇ ਸਮੇਂ ਵਿੱਚ ਇਸੇ ਤਰ੍ਹਾਂ ਹੋਰ ਪਿੰਡਾਂ ਨੂੰ ਗੋਦ ਲੈ ਉਹਨਾਂ ਨੂੰ ਵੀ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਤਰ੍ਹਾਂ ਅੱਜ ਦਾ ਚੌਥਾ ਦਿਨ ਵਿਦਿਆਰਥੀਆਂ ਲਈ ਬਹੁਤ ਲਾਭਕਾਰੀ ਰਿਹਾ।

## ਸਰਹਾਲੀ ਕਲਾਂ ਵਿੱਚ ਪੱਤੀ ਖਾਸ਼ੀ ਕੀ ਅਤੇ ਪੱਤੀ ਨਿੱਕੀ ਡਿਉੜੀ ਦੀ ਸੰਗਤ ਵੱਲੋਂ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਨਮਾਨ



**ਚੋਹਲਾ ਸਾਹਿਬ 21 ਦਸੰਬਰ 2025 | (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)**

ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਅੱਜ ਨਗਰ ਸਰਹਾਲੀ ਕਲਾਂ ਵਿਖੇ ਪੱਤੀ ਖਾਸ਼ੀ ਕੀ ਅਤੇ ਪੱਤੀ ਨਿੱਕੀ ਡਿਉੜੀ ਦੀ ਸੰਗਤ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਅਜੈ ਸਿੰਘ ਹੁੰਦਲ ਨੇ ਆਖਿਆ, " ਮਹਾਂਪੁਰਖ ਸੰਤ ਬਾਬਾ ਸੁੱਖਾ ਸਿੰਘ ਜੀ ਦਾ ਸਮੂਹ ਸੰਗਤ ਵੱਲੋਂ ਹਾਰਦਿਕ ਸਵਾਗਤ ਕਰਦੇ ਹਾਂ। ਬਾਬਾ ਜੀ ਦੀ ਪਰਉਪਕਾਰੀ ਸ਼ਖਸੀਅਤ ਕਿਸੇ ਦੀ ਵੀ ਜਾਣਕਾਰੀ ਦੀ ਮੁਹਤਾਜ ਨਹੀਂ। ਸਾਲ 2023 ਵਿੱਚ ਆਏ ਹੜ੍ਹਾਂ ਦੌਰਾਨ ਨਿਭਾਈਆਂ ਗਈਆਂ ਸੇਵਾਵਾਂ ਉਪਰੰਤ ਆਪ ਜੀ ਨੂੰ ਵਿਸ਼ਵ ਪੱਧਰ ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਸਾਲ ਵੀ ਹੜ੍ਹਾਂ ਵਿੱਚ ਮਹਾਂਪੁਰਖਾਂ ਨੇ ਵੱਡੀਆਂ ਸੇਵਾਵਾਂ ਨਿਭਾਈਆਂ ਹਨ। ਆਪ ਜੀ ਦੀਆਂ ਸੇਵਾਵਾਂ ਨਾਲ ਜਿੱਥੇ ਹੜ੍ਹ ਪੀੜਤਾਂ ਨੂੰ ਰਾਹਤ ਮਿਲੀ ਹੈ, ਉੱਥੇ ਆਪ ਜੀ ਨੇ ਕਈ ਇਲਾਕੇ ਹੜ੍ਹਾਂ ਦੀ ਮਾਰ ਤੋਂ ਵੀ ਬਚਾਏ ਹਨ। ਸੈਂਕੜੇ ਨੌਜਵਾਨ ਆਪ ਜੀ ਦੀ ਸੇਵਾ ਭਾਵਨਾ ਤੋਂ ਪ੍ਰੇਰਿਤ ਹੋ ਕੇ ਗੁਰਸਿੱਖੀ ਜੀਵਨ ਵੱਲ ਪ੍ਰੇਰਿਤ ਹੋਏ ਹਨ। ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਤਾਰਾ ਸਿੰਘ ਜੀ ਦੀ ਚਲਾਈ ਹੋਈ ਇਹ ਸੰਪਰਦਾਇ ਸਮੁੱਚੀ ਮਾਨਵਤਾ ਲਈ ਵਰਦਾਨ ਸਾਬਤ ਹੋਈ ਹੈ। ਸਲਾਨਾ ਬਰਸੀ ਸਮਾਗਮ ਤੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਦੁਨੀਆਂ ਦੇ ਕੋਨੇ ਕੋਨੇ ਤੋਂ ਚੱਲ ਕੇ ਗੁਰਦੁਆਰਾ ਗੁਰਪੁਰੀ ਸਾਹਿਬ ਸੁਹਾਵਾ ਪਹੁੰਚਦੇ ਹਨ।ਅੱਜ ਅਸੀਂ ਸੰਤ ਬਾਬਾ ਸੁੱਖਾ ਸਿੰਘ ਜੀ ਨੂੰ ਸਨਮਾਨਿਤ ਕਰਨ ਦੀ ਖੁਸ਼ੀ ਲੈ ਰਹੇ ਹਾਂ।" ਇਸ ਮੌਕੇ ਹਾਜ਼ਰ ਪੱਤੀ ਖਾਸੀ ਕੀ ਦੀ ਸੰਗਤ ਵਿੱਚ ਸ੍ਰੀਮਤੀ ਪਾਰ ਕੌਰ ਜੀ, ਅਜੈ ਸਿੰਘ ਹੁੰਦਲ ( ਪ੍ਰਿੰਸੀਪਲ, ਗੁਰੂ ਗੋਬਿੰਦ ਸਿੰਘ ਖਾਲਸਾ ਸਕੂਲ ਸਰਹਾਲੀ, ਸ਼ੇਰਜੰਗ ਸਿੰਘ ਹੁੰਦਲ ( ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਤਰਨ ਤਾਰਨ ) ਅਤੇ ਪੱਤੀ ਨਿੱਕੀ ਡਿਉੜੀ ਦੀ ਸੰਗਤ ਵਿਚ ਸ. ਤਾਰਾ ਸਿੰਘ, ਸਾਰਜ ਸਿੰਘ, ਸੂਬਾ ਸਿੰਘ, ਰੋਬਨਦੀਪ ਸਿੰਘ, ਗੁਰਵੰਸ਼ਦੀਪ ਸਿੰਘ, ਇੰਦਰਜੀਤ ਸਿੰਘ, ਅਮ੍ਰਿਤਪਾਲ ਸਿੰਘ ਮਹਿਤਾ, ਗੁਰਸ਼ਰਨਦੀਪ ਸਿੰਘ ਬੱਬਲ, ਹਰਪਾਲ ਸਿੰਘ ਫੌਜੀ, ਇਕਬਾਲ ਸਿੰਘ ਡੇਅਰੀ ਵਾਲੇ ਅਤੇ ਹੋਰ ਕਈ ਪਤਵੰਤੇ ਹਾਜ਼ਰ ਸਨ।

## ਕੈਂਪ 'ਚ ਨਸ਼ਾ ਗ੍ਰਹਿਸ਼ਤ ਲੋਕਾਂ ਨੂੰ ਨਸ਼ਾ ਛਡਾਉਣ ਲਈ ਮਿਲੇਗੀ ਮੁਫ਼ਤ ਦਵਾਈ



ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 21 ਦਸੰਬਰ ਮਾਨਵ ਅਧਿਕਾਰ ਸੰਘਰਸ਼ ਕਮੇਟੀ ਇੰਡੀਆ ( ਮੈਡੀਕਲ ਸੈਲ) ਦੇ ਜ਼ਿਲ੍ਹਾ ਪ੍ਰਧਾਨ ਡਾ. ਸੁਖਬੀਰ ਸਿੰਘ ਕੱਕਾ ਕੰਡਿਆਲਾ ਜ਼ਿਲ੍ਹਾ ਪ੍ਰਧਾਨ ਦੱਸਿਆ ਕਿ ਘਾਤਕ ਬਿਮਾਰੀਆਂ ਤੋਂ ਛੁਟਕਾਰਾ ਦਿਵਾਉਣ ਲਈ ਇਹ ਕੈਂਪ ਬੀ ਡੀ ਐਸ ਕਲੀਨਿਕ ਡਾ. ਸੁਖਬੀਰ ਸਿੰਘ ਡਾ. ਰਣਜੀਤ ਸਿੰਘ ਨਜ਼ਦੀਕ ਗੁਰਦੁਆਰਾ ਬਾਬਾ ਤਾਰਾ ਸਿੰਘ ਜੀ ਪਿੰਡ ਕੱਕਾ ਕੰਡਿਆਲਾ ਵਿਖੇ 21 ਦਸੰਬਰ ਦਿਨ ਐਤਵਾਰ ਸਵੇਰੇ 9 ਵਜੇ ਤੋਂ 11 ਵਜੇ ਤੱਕ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿਚ ਦਿਮਾਗ ਦੀਆਂ ਬਿਮਾਰੀਆਂ ਦੇ ਸਪੈਸ਼ਲਿਸਟ ਡਾ. ਸੁਨੇਹ ਸਿੰਘਲ ਡੀ ਐੱਮ ਮੈਡੀਸਿਨ ਆਪਣੀ ਟੀਮ ਨਾਲ ਪਹੁੰਚ ਰਹੇ ਹਨ। ਉਨ੍ਹਾਂ ਦੱਸਿਆ ਕਿ ਚਿੰਤਾ ,ਟੈਨਸਨ ਦੇ ਰੋਗੀ ਵੀ ਲਗਭਗ ਹਰੇਕ ਘਰ ਵਿੱਚ ਇਸ ਬਿਮਾਰੀ ਨੇ ਪੈਰ ਪਸਾਰੇ ਹਨ । ਇਸ ਲਈ ਕੈਂਪ ਵਿੱਚ ਇਨ੍ਹਾਂ ਵਲੋਂ ਮਿਰਗੀ, ਚਿੰਤਾ , ਜ਼ਿਆਦਾ ਗੁੱਸਾ ਆਉਣਾ, ਅੱਧਾ ਸਿਰ ਦਰਦ, ਦੰਦਲਾਂ ਪੈਣੀਆਂ, ਉਦਾਸ ਰਹਿਣਾ, ਆਦਿ ਦਾ ਇਲਾਜ ਮੁਫ਼ਤ ਕੀਤਾ ਜਾਵੇਗਾ ਅਤੇ ਹਰ ਪ੍ਰਕਾਰ ਦੇ ਨਸ਼ੇ ਛੁਡਾਉਣ ਦੀ ਦਵਾਈ ਮੁਫ਼ਤ ਦਿੱਤੀ ਜਾਵੇਗੀ ਜਿਸ ਨਾਲ ਨਸਾਂ ਕਰਨ ਵਾਲਾ ਵਿਅਕਤੀ ਬਿਨਾਂ ਕਿਸੇ ਤਕਲੀਫ ਤੋਂ ਨਸ਼ਿਆਂ ਤੋਂ ਛੁਟਕਾਰਾ ਪਾ ਸਕਦਾਂ ਹੈ। ਇਸ ਮੌਕੇ ਡਾ. ਬਲਵਿੰਦਰ ਸਿੰਘ ਬਾਜਵਾ ਰੈਸੀਆਣਾ,ਡਾ. ਹਰਮਿੰਦਰ ਸਿੰਘ ਦਬੁਰਜੀ ਡਾ. ਮਨਜਿੰਦਰ ਸਿੰਘ ਬਾਠ, ਡਾ ਬਲਦੇਵ ਸਿੰਘ,ਡਾ ਰਣਜੀਤ ਸਿੰਘ,ਡਾ. ਗੁਰਬਿੰਦਰ ਸਿੰਘ ਵਿਰਦੀ, ਡਾ. ਕੁਲਦੀਪ ਸਿੰਘ ਛਾਪੜੀ ਸਾਹਿਬ ਡਾ.ਦਲਜੀਤ ਸਿੰਘ ਜੋਹਲ ਡਾ. ਰਸਾਲ ਸਿੰਘ ਖਹਿਰਾ ਪੱਟੀ, ਡਾ ਦੇਸ਼ ਰਾਜ ਬਧਵਾਰ ਪੱਟੀ, ਡਾ. ਮਨਜੀਤ ਸਿੰਘ, ਡਾ. ਹਰਪ੍ਰੀਤ ਸਿੰਘ ਤਰਨ ਤਾਰਨ, ਆਦਿ ਦੀ ਟੀਮ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਕੈਂਪ ਵਿੱਚ ਪਹੁੰਚ ਕੇ ਡਾਕਟਰ ਸੁਨੇਹ ਸਿੰਘਲ ਦੀਆਂ ਸੇਵਾਵਾਂ ਦਾ ਲਾਭ ਉਠਾਉਣ ਦੀ ਅਪੀਲ ਕਰਦਿਆਂ ਭਵਿੱਖ ਵਿੱਚ ਵੀ ਸਮਾਜ ਦੀ ਭਲਾਈ ਵਾਸਤੇ ਮੁਫ਼ਤ ਮੈਡੀਕਲ ਕੈਂਪ ਲਗਾਉਣ ਸਬੰਧੀ ਸਹਿਮਤੀ ਪ੍ਰਗਟਾਈ ਗਈ ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਮਨੈਜਰ ਮੰਗਤ ਰਾਮ ਸ਼ਰਮਾ,ਡਾ ਸੁਰਜੀਤ ਸਿੰਘ ਢੰਡ, ਡਾ ਮਨਜਿੰਦਰ ਸਿੰਘ ਢੰਡ, ਡਾ ਹੀਰਾ ਸਿੰਘ ਕਸੇਲ, ਡਾ ਦਿਲਬਾਗ ਸਿੰਘ ਜਗਤਪੁਰਾ ਆਦਿ ਵੱਲੋ ਵੀ ਵਿਸ਼ੇਸ ਸਹਿਯੋਗ ਹੋਵੇਗਾ.

## ਜ਼ਿਲ੍ਹੇ ਦੇ 771 ਸਰਕਾਰੀ ਸਕੂਲਾਂ ਵਿੱਚ ਮੈਗਾ ਮਾਪੇ ਅਧਿਆਪਕ ਮਿਲਣੀ ਦਾ ਸੰਪੰਨ

**ਤਰਨਤਾਰਨ, 21 ਦਸੰਬਰ | ਗੁਰਪ੍ਰੀਤ ਸਿੰਘ ਕੱਦ ਗਿੱਲ**

ਜ਼ਿਲ੍ਹਾ ਤਰਨਤਾਰਨ ਦੇ ਸਮੂਹ 771 ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਵਿਆਪਕ ਸ਼ਮੂਲੀਅਤ ਕਰ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ ਨੂੰ ਜਾਣਿਆ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਅਧਿਆਪਕਾਂ ਨਾਲ ਵਿਚਾਰ ਵਟਾਂਦਰਾ ਕੀਤਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਸੈਕੰਡਰੀ ਸਤਿਨਾਮ ਸਿੰਘ ਬਾਠ ਨੇ ਜ਼ਿਲ੍ਹਾ ਤਰਨਤਾਰਨ ਦੇ ਵੱਖ ਵੱਖ ਸਕੂਲਾਂ ਵਿਖੇ ਆਯੋਜਿਤ ਮੈਗਾ ਮਾਪੇ ਅਧਿਆਪਕ ਮਿਲਣੀ ਵਿੱਚ ਸ਼ਮੂਲੀਅਤ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਦੀ ਅਗਵਾਈ ਅਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਦੀ ਰਹਿਨੁਮਾਈ ਹੇਠ ਜ਼ਿਲ੍ਹੇ ਦੇ ਸਮੂਹ 771 ਸਰਕਾਰੀ ਸਕੂਲਾਂ ਵਿੱਚ ਸਵੇਰੇ 9 ਵਜੇ ਤੋਂ ਲੈਕੇ 2.30 ਵਜੇ ਤੱਕ ਭਰਵੀਂ ਸ਼ਮੂਲੀਅਤ ਰਾਹੀਂ ਮਾਪਿਆਂ, ਸਕੂਲ ਪ੍ਰਬੰਧਕ ਕਮੇਟੀਆਂ ਅਤੇ ਕਮਿਊਨਿਟੀ ਲੀਡਰਾਂ ਨੇ ਅਧਿਆਪਕਾਂ ਨਾਲ ਵਿਦਿਆਰਥੀਆਂ ਦੀ ਵਿਦਿਅਕ ਤਰੱਕੀ ਦੀਆਂ ਰਣਨੀਤੀਆਂ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਬੱਚਿਆਂ ਦੀ ਕਾਰਗੁਜ਼ਾਰੀ ਜਾਣੀ। ਪੀਟੀਐਮ ਨੇ ਅਧਿਆਪਕਾਂ ਅਤੇ ਮਾਪਿਆਂ ਵਿਚਕਾਰ ਅਰਥਪੂਰਨ ਸੰਵਾਦ ਦੀ ਸਹੂਲਤ ਪ੍ਰਦਾਨ ਕੀਤੀ ਜਿਸ ਨਾਲ ਉਹ ਵਿਦਿਆਰਥੀਆਂ ਦੀ ਅਕਾਦਮਿਕ ਪ੍ਰਗਤੀ, ਵਿਵਹਾਰ ਦੇ ਨਮੂਨੇ ਅਤੇ ਸਕੂਲ ਦੇ ਮਾਹੌਲ ਦੇ ਅੰਦਰ ਅਤੇ ਬਾਹਰ ਸਮੁੱਚੇ ਵਿਕਾਸ ਬਾਰੇ ਫੀਡਬੈਕ ਸਾਂਝੇ ਕਰਨ ਦੇ ਯੋਗ ਹੋਏ। ਅਧਿਆਪਕਾਂ ਨੇ ਦਸੰਬਰ ਮਹੀਨੇ ਦੇ ਇਮਤਿਹਾਨ ਦੇ ਨਤੀਜੇ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਦੀ ਵਿਅਕਤੀਗਤ ਕਾਰਗੁਜ਼ਾਰੀ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ।

ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਅਤੇ ਐਲੀਮੈਂਟਰੀ ਸਤਿਨਾਮ ਸਿੰਘ ਬਾਠ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਲਟੋਹਾ ਕੁੜੀਆਂ , ਸਰਕਾਰੀ ਪ੍ਰਾਇਮਰੀ ਸਕੂਲ ਨੱਥੂਪੁਰ, ਸਰਕਾਰੀ ਪ੍ਰਾਇਮਰੀ ਸਕੂਲ ਪਿੱਦੀ, ਸਰਕਾਰੀ ਹਾਈ ਸਕੂਲ ਬੋਪਾਰਾਏ , ਸਰਕਾਰੀ ਪ੍ਰਾਇਮਰੀ ਸਕੂਲ ਧਾਰੀਵਾਲ ਅਤੇ ਸਰਕਾਰੀ ਮਿਡਲ ਸਕੂਲ ਧਾਰੀਵਾਲ ਵਿੱਚ ਮਾਪੇ ਅਧਿਆਪਕ ਮਿਲਣੀ ਵਿੱਚ ਸ਼ਮੂਲੀਅਤ ਕੀਤੀ ਅਤੇ ਸੰਬੋਧਿਤ ਕਰਦੇ ਹੋਏ ਕਿਹਾ ਕਿ ਸਰਕਾਰੀ ਸਕੂਲਾਂ ਅੰਦਰ ਕਰਵਾਈ ਜਾਂਦੀ ਮਾਪੇ ਅਧਿਆਪਕ ਮਿਲਣੀ ਨਾਲ

**ਸਵੇਰੇ 9 ਵਜੇ ਤੋਂ ਦੁਪਹਿਰ 2.30 ਵਜੇ ਤੱਕ ਦੀ ਕਾਰਗੁਜ਼ਾਰੀ।**




ਜਿੱਥੇ ਅਧਿਆਪਕ, ਮਾਪੇ ਤੇ ਵਿਦਿਆਰਥੀਆਂ ਦੀ ਨੇੜਤਾ ਵੱਧਦੀ ਹੈ ਉਸ ਦੇ ਨਾਲ ਹੀ ਸਕੂਲ ਦੀ ਪੜ੍ਹਾਈ ਦਾ ਮਾਹੌਲ ਸੁਖਾਵਾਂ ਬਣਦਾ ਹੈ ਦੂਜੇ ਪਾਸੇ ਸਕੂਲ ਦੀ ਪੜ੍ਹਾਈ 'ਤੇ ਚੰਗਾ ਅਸਰ ਪੈਂਦਾ ਹੈ। ਉਨ੍ਹਾਂ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਇਸ ਨਾਲ ਸਕੂਲਾਂ ਵਿੱਚ ਪੜ੍ਹਾਈ ਦੇ ਲੈਵਲ ਵਿੱਚ ਵੱਡਾ ਸੁਧਾਰ ਹੋਵੇਗਾ। ਇਸੇ ਤਰ੍ਹਾਂ ਜ਼ਿਲ੍ਹਾ ਤਰਨਤਾਰਨ ਦੇ ਸਮੂਹ ਬੀਪੀਈਓ ਸਾਹਿਬਾਨ, ਡੀਆਰਸੀ ਸੈਕੰਡਰੀ ਅਤੇ ਪ੍ਰਾਇਮਰੀ,ਬੀਐਨਓ ਸਾਹਿਬਾਨ ਅਤੇ ਸੀਐਚਟੀਜ਼ ਨੇ ਵੱਖ ਵੱਖ ਸਕੂਲਾਂ ਵਿੱਚ ਮਾਪੇ ਅਧਿਆਪਕ ਮਿਲਣੀ ਵਿੱਚ ਸ਼ਿਰਕਤ ਕਰ ਮਾਪਿਆਂ ਅਤੇ ਪਤਵੰਤੇ ਸੱਜਣਾਂ ਨੂੰ ਪੰਜਾਬ ਸਰਕਾਰ ਅਤੇ ਸਕੂਲ ਸਿੱਖਿਆ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣੂ ਕਰਵਾਇਆ। ਡੀਈਓ ਸਤਿਨਾਮ ਬਾਠ ਨੇ ਵਿਦਿਆਰਥੀ, ਮਾਪੇ ਅਧਿਆਪਕ ਮਿਲਣੀ ਦੌਰਾਨ ਸੰਬੋਧਨ ਕਰਦੇ ਹੋਏ ਕਿਹਾ ਕਿ ਮਾਪੇ ਅਧਿਆਪਕ ਮਿਲਣੀ ਨਾਲ ਦਿਆਰਥੀਆਂ ਦੀ ਹਰ ਸਮੱਸਿਆ ਦਾ ਹਲ ਹੁੰਦਾ ਹੈ ਮੈਗਾ ਅਧਿਆਪਕ ਮਿਲਣੀ ਵਿੱਚ ਮਾਪਿਆ ਨੂੰ ਬੱਚਿਆਂ ਦੇ ਪੜ੍ਹਾਈ ਬਾਰੇ ਪਤਾ ਲੱਗਦਾ ਹੈ ਅਤੇ ਅਧਿਆਪਕਾਂ ਨੂੰ ਮਾਪਿਆ ਬਾਰੇ ਵੀ ਪੂਰੀ ਜਾਣਕਾਰੀ ਮਿਲਦੀ ਹੈ। ਉਨ੍ਹਾਂ ਇਸ ਦੌਰਾਨ ਅਧਿਆਪਕਾਂ ਨੇ ਮਾਪਿਆਂ ਨੂੰ ਦਸੰਬਰ ਮਹੀਨੇ ਦੀਆਂ ਛੁੱਟੀਆਂ ਦੇ ਕੰਮ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਤੇ ਪ੍ਰਿੰਸੀਪਲ ਸਕੂਲ ਆਫ਼ ਐਮੀਨੈਂਸ ਖਡੂਰ ਸਾਹਿਬ ਗੁਰਦੀਪ ਸਿੰਘ, ਡੀਆਰਸੀ ਸੈਕੰਡਰੀ ਬਲਜਿੰਦਰ ਸਿੰਘ ਭੁੱਲਰ ਡੀਆਰਸੀ ਪ੍ਰਾਇਮਰੀ ਅਨੂਪ ਸਿੰਘ ਮੈਣੀ,ਏਸੀ ਸਮਾਰਟ ਸਕੂਲ ਗੁਰਮੀਤ ਸਿੰਘ ਖਾਲਸਾ ਆਦਿ ਹਾਜ਼ਰ ਸਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ